सत्यमेव जयते

**ਭਾਰਤ ਸਰਕਾਰ**

# ਬਜਟ 2021-2022

## ਵਿੱਤ ਮੰਤਰੀ ਨਿਰਮਲਾ ਸੀਤਾਰਮਣ

ਦਾ

ਭਾਸ਼ਣ

***01 ਫਰਵਰੀ, 2021***

# ਵਿਸ਼ਾ ਸੂਚੀ

## ਭਾਗ - ਏ

ਪੰਨਾ ਨੰ.


- ਪਰਿਚੈ 3
- ਸਿਹਤ ਅਤੇ ਭਲਾਈ 6
- ਭੌਤਿਕ ਅਤੇ ਵਿੱਤੀ ਪੂੰਜੀ ਅਤੇ ਢਾਂਚੇ 8
- ਆਕਾਂਖੀ ਭਾਰਤ ਦਾ ਸਮਾਵੇਸ਼ੀ ਵਿਕਾਸ 20
- ਮਾਨਵ ਪੂੰਜੀ ਦਾ ਫਿਰ ਸ਼ਕਤੀਵਰਧਨ 22
- ਇਨੋਵੇਸ਼ਨ ਅਤੇ ਖੋਜ ਤੇ ਵਿਕਾਸ 24
- ਨਿਊਨਤਮ ਸਰਕਾਰ, ਅਧਿਕਤਮ ਸ਼ਾਸਨ 24
- ਵਿੱਤੀ ਸਥਿਤੀ 25


## ਭਾਗ - ਬੀ

ਪ੍ਰਤੱਖ ਟੈਕਸ ਪ੍ਰਸਤਾਵ


- ਸੀਨੀਅਰ ਨਾਗਰਿਕਾਂ ਨੂੰ ਰਾਹਤ 27
- ਆਮਦਨ ਟੈਕਸ ਕਾਰਵਾਈਆਂ ਦੇ ਸਮੇਂ ਵਿੱਚ ਕਮੀ ਲਿਆਉਣਾ 27
- ਝਗੜਾ ਨਿਵਾਰਨ ਕਮੇਟੀ ਦੀ ਸਥਾਪਨਾ 28
- ਫੇਸਲੈੱਸ ਆਈਟੀਏਟੀ 28
- ਐੱਨਆਰਆਈ ਨੂੰ ਛੋਟ 28
- ਆਡਿਟ ਤੋਂ ਛੋਟ 28
- ਲਾਭਾਂਸ਼ ਲਈ ਰਾਹਤ 28
- ਢਾਂਚਾਗਤ ਖੇਤਰ ਵਿੱਚ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨਾ 29
- ਕਿਫ਼ਾਇਤੀ ਆਵਾਸ/ਕਿਰਾਇਆ ਆਵਾਸ 29
- ਆਈਐੱਫਐੱਸਸੀ ਨੂੰ ਟੈਕਸ ਪ੍ਰੋਤਸਾਹਨ 29
- ਰਿਟਰਨ ਨੂੰ ਪਹਿਲਾਂ ਤੋਂ ਭਰਨਾ 29
- ਛੋਟੇ ਟਰੱਸਟਾਂ ਨੂੰ ਰਾਹਤ 30
- ਕਿਰਤ ਭਲਾਈ 30

ਅਪ੍ਰਤੱਖ ਟੈਕਸ ਪ੍ਰਸਤਾਵ 30

- ਜੀਐੱਸਟੀ 31
- ਕਸਟਮ ਡਿਊਟੀ ਨੂੰ ਤਰਕਸ਼ੀਲ ਬਨਾਉਣਾ 31
- ਇਲੈਕਟ੍ਰੌਨਿਕ ਅਤੇ ਮੋਬਾਇਲ ਫੋਨ ਉਦਯੋਗ 31
- ਲੋਹਾ ਅਤੇ ਇਸਪਾਤ 31
- ਕੱਪੜਾ 31
- ਰਸਾਇਣ 31
- ਸੋਨਾ ਅਤੇ ਚਾਂਦੀ 32
- ਅਖੁੱਟ ਊਰਜਾ 32
- ਪੂੰਜੀਗਤ ਉਪਕਰਣ 32
- ਐੱਮਐੱਸਐੱਮਈ ਉਤਪਾਦ 32
- ਖੇਤੀਬਾੜੀ ਉਤਪਾਦ 32

**ਅਨੁਬੰਧ**

ਭਾਸ਼ਣ ਦੇ ਭਾਗ-ਏ ਦੇਅਨੁਬੰਧ 33

- ਸਿਹਤ ਅਤੇ ਭਲਾਈ– ਖ਼ਰਚ 33
- ਫਲੈਗਸ਼ਿਪ ਪ੍ਰੋਜੈਕਟਾਂ–ਸੜਕ ਅਤੇ ਰਾਜ ਮਾਰਗ 33
- ਵਿਨਿਵੇਸ਼ ਦੇ ਮੁੱਖ ਆਕਰਸ਼ਣ / ਕਾਰਜਨੀਤੀਕ ਵਿਨਿਵੇਸ਼ ਨੀਤੀ 34
- ਖੇਤੀਬਾੜੀ ਜਿਨਸਾਂ ਦੀ ਐੱਮਐੱਸਪੀ ਖਰੀਦ 35
- ਨਵੀਂ ਸਿੱਖਿਆ ਨੀਤੀ (ਐੱਨਈਪੀ) ਦੇ ਰੂਪ ਵਿੱਚ ਸਿੱਖਿਆ ਪਹਿਲ 37
- ਅਤਿਰਿਕਤ ਬਜਟ ਸੰਸਾਧਨ (ਈਬੀਆਰ) 38

( ਸਰਕਾਰ ਦੁਆਰਾ ਪੂਰਨ ਨਿੰਯਤ੍ਰਿਤ ਬੌਂਡ, ਐੱਨਐੱਸਐੱਸਐੱਫ ਕਰਜ਼ ਅਤੇ ਹੋਰ ਸੰਸਾਧਨ)

**ਭਾਸ਼ਣ ਦੇ ਭਾਗ- ਬੀ ਦੇ ਅਨੁਬੰਧ**

**ਪ੍ਰਤੱਖ ਟੈਕਸ**

**ਅਪ੍ਰਤੱਖ ਟੈਕਸ**


**ਬਜਟ 2021-2022**

**ਨਿਰਮਲਾ ਸੀਤਾਰਮਣ**

**ਵਿੱਤ ਮੰਤਰੀ ਦਾ ਭਾਸ਼ਣ**

**01 ਫਰਵਰੀ, 2021**

ਮਾਣਯੋਗ ਸਪੀਕਰ ਸਾਹਿਬ,

ਮੈਂ ਸਾਲ 2021-2022 ਲਈ ਬਜਟ ਪੇਸ਼ ਕਰਦੀ ਹਾਂ

ਪਰਿਚੈ

1 . ਮਾਣਯੋਗ ਸਪੀਕਰ ਸਾਹਿਬ, ਇਹ ਬਜਟ ਅਜਿਹੀਆਂ ਪਰਿਸਥਿਤੀਆਂ ਵਿੱਚ ਤਿਆਰ ਕੀਤਾ ਗਿਆ ਹੈ ਜੋ ਪਹਿਲਾਂ ਕਦੇ ਨਹੀਂ ਸੀ। ਅਸੀਂ ਉਨ੍ਹਾਂ ਆਪਦਾਵਾਂ ਬਾਰੇ ਜਾਣਦੇ ਸੀ ਜਿਨ੍ਹਾਂ ਨੇ ਕਿਸੇ ਦੇਸ਼ ਜਾਂ ਕਿਸੇ ਦੇਸ਼ ਦੇ ਅੰਦਰ ਕਿਸੇ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ ਪਰ 2020 ਵਿੱਚ ਅਸੀਂ ਕੋਵਿਡ-19 ਦੇ ਨਾਲ ਕੀ-ਕੀ ਸਹਿਣ ਕੀਤਾ ਉਸ ਦੀ ਕੋਈ ਉਦਾਹਰਣ ਨਹੀਂ ਹੈ।

2 . ਜਦੋਂ ਮੈਂ ਬਜਟ 2020-21 ਪੇਸ਼ ਕੀਤਾ ਸੀ ਤਾਂ ਇਹ ਸੋਚਿਆ ਨਹੀਂ ਸੀ ਕਿ ਵਿਸ਼ਵ ਅਰਥਵਿਵਸਥਾ ਜੋ ਪਹਿਲਾਂ ਤੋਂ ਹੀ ਮੰਦੀ ਦੀ ਗਿਰਫ਼ਤ ਵਿੱਚ ਸੀ, ਇੱਕ ਅਪੂਰਵ ਕਮੀ ਵਿੱਚ ਧੱਕ ਦਿੱਤੀ ਜਾਵੇਗੀ।

3 . ਅਸੀਂ ਇਹ ਕਲਪਨਾ ਵੀ ਨਹੀਂ ਕੀਤੀ ਸੀ ਕਿ ਸਾਡੇ ਲੋਕਾਂ ਦੇ ਨਾਲ - ਨਾਲ ਹੋਰ ਦੇਸ਼ਾਂ ਦੇ ਲੋਕਾਂ ਨੂੰ ਆਪਣੇ ਸਵਜਨਾਂ ਅਤੇ ਪ੍ਰਿਯਜਨਾਂ ਤੋਂ ਵਿਛੜਣ ਦਾ ਦੁਖ ਸਹਿਣਾ ਪਵੇਗਾ ਅਤੇ ਸਿਹਤ ਸੰਕਟ ਤੋਂ ਪੈਦਾ ਮੁਸੀਬਤਾਂ ਦਾ ਸਾਹਮਣਾ ਕਰਨਾ ਪਵੇਗਾ।

4 . ਲੌਕਡਾਊਨ ਨਾ ਲਗਾਉਣ ਦਾ ਜੋਖ਼ਿਮ ਬਹੁਤ ਅਧਿਕ ਸੀ। ਤਿੰਨ ਹਫ਼ਤੇ ਲੰਬੇ ਪੂਰਨ ਲੌਕਡਾਊਨ ਦਾ ਐਲਾਨ ਕਰਨ ਦੇ 48 ਘੰਟਿਆਂ ਅੰਦਰ, ਪ੍ਰਧਾਨ ਮੰਤਰੀ ਨੇ 2.76 ਲੱਖ ਕਰੋੜ ਰੁਪਏ ਮੁੱਲ ਦੀ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਦਾ ਯੋਜਨਾ ਐਲਾਨ ਕੀਤਾ। ਇਸ ਨੇ 800 ਮਿਲੀਅਨ ਲੋਕਾਂ ਲਈ ਮੁਫ਼ਤ ਅਨਾਜ, 80 ਮਿਲੀਅਨ ਪਰਿਵਾਰਾਂ ਨੂੰ ਕਈ ਮਹੀਨਿਆਂ ਲਈ ਮੁਫ਼ਤ ਕੁਕਿੰਗ ਗੈਸ, ਅਤੇ 400 ਮਿਲੀਅਨ ਤੋਂ ਅਧਿਕ ਕਿਸਾਨਾਂ, ਮਹਿਲਾਵਾਂ , ਬੁਜ਼ਰਗਾਂ , ਗ਼ਰੀਬਾਂ ਅਤੇ ਜ਼ਰੂਰਤਮੰਦ ਲੋਕਾਂ ਲਈ ਸਿੱਧੀ ਨਕਦ ਰਕਮ ਉਪਲੱਬਧ ਕਰਵਾਈ।

5 . ਜਦੋਂ ਕਿ ਨਾਗਰਿਕਾਂ ਦਾ ਇੱਕ ਬਹੁਤ ਵੱਡਾ ਵਰਗ ਘਰਾਂ ਵਿੱਚ ਠਹਿਰਿਆ ਰਿਹਾ, ਦੁੱਧ, ਸ਼ਬਜੀ , ਅਤੇ ਫਲ ਸਪਲਾਈਕਰਤਾ, ਸਿਹਤ ਅਤੇ ਸਫਾਈ ਕਰਮਚਾਰੀ, ਟਰੱਕ ਡਰਾਈਵਰ, ਰੇਲਵੇ ਅਤੇ ਜਨਤਕ ਟ੍ਰਾਂਸਪੋਰਟ ਵਰਕਰ, ਬੈਂਕ ਕਰਮਚਾਰੀ, ਬਿਜਲੀ ਕਰਮੀ, ਸਾਡੇ ਅੰਨਦਾਤਾ, ਪੁਲਿਸ, ਫਾਇਰਮੈਨ ਅਤੇ ਸ਼ਸਤਰਬੰਦ ਬਲਾਂ ਦੇ ਲੋਕਾਂ ਨੂੰ ਆਪਣੇ ਉਪਰ ਮੰਡਰਾਉਂਦੇ ਵਾਇਰਸ ਦੇ ਖਤਰੇ ਦੇ ਨਾਲ ਆਪਣੇ ਕੰਮ 'ਤੇ ਆਮ ਵਾਂਗ ਜਾਣਾ ਪਿਆ, ਪਰ ਸਾਨੂੰ ਇਸ ਦਾ ਅਹਿਸਾਸ ਹੈ ਅਤੇ ਮੈਂ ਮੰਨਦੀ ਹਾਂ ਕਿ ਮੈਂ ਇਸ ਪ੍ਰਤਿਸ਼ਠਿਤ ਸਦਨ ਵਿੱਚ ਹਰੇਕ ਵਿਅਕਤੀ ਵੱਲੋਂ ਬੋਲ ਰਹੀ ਹਾਂ, ਜਦੋਂ ਮੈਂ ਇਨ੍ਹਾਂ ਮਹਿਲਾਵਾਂ ਅਤੇ ਪੁਰਸ਼ਾਂ ਦੇ ਪ੍ਰਤੀ ਇਸ ਗੱਲ ਲਈ ਹਾਰਦਿਕ ਧੰਨਵਾਦ ਵਿਅਕਤ ਕਰਦੀ ਹਾਂ ਕਿ ਉਹ ਉਨ੍ਹਾਂ ਸਕੰਟਮਈ ਮਹੀਨਿਆਂ ਵਿੱਚ ਰਾਸ਼ਟਰ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਪਣੇ ਕਾਰਜ ਅਤੇ ਕਰੱਤਵ ਨੂੰ ਪੂਰਾ ਕਰਨ ਵਿੱਚ ਕਿਵੇਂ ਸਮਰੱਥ ਹੋਏ। 6 . ਸ਼੍ਰੀਮਾਨ ਸਪੀਕਰ ਸਾਹਿਬ, ਲੋਕ ਭਲਾਈ ਲਈ, ਮਾਣਯੋਗ ਸੰਸਦ ਮੈਂਬਰਾਂ ਅਤੇ ਵਿਧਾਨ ਸਭਾ ਮੈਂਬਰਾਂ ਨੇ ਵੀ ਆਪਣੇ ਵੇਤਨ ਦਾ ਯੋਗਦਾਨ ਦਿੱਤਾ।

7 .   ਮਈ 2020 ਵਿੱਚ ਸਰਕਾਰ ਨੇ ਆਤਮ ਨਿਰਭਰ ਭਾਰਤ ਪੈਕੇਜ ( ਏਐੱਨਬੀ 1.0 ) ਦਾ ਐਲਾਨ ਕੀਤਾ। ਸਾਲ ਵਿੱਚ ਅੱਗੇ ਵੀ ਰਿਕਵਰੀ ਬਰਕਰਾਰ ਰੱਖਣ ਲਈ, ਅਸੀਂ ਦੋ ਹੋਰ ਆਤਮਨਿਰਭਰ ਭਾਰਤ ਪੈਕੇਜ ( ਏਐੱਨਬੀ 2.0 ਅਤੇ ਏਐੱਨਬੀ 3.0 ) ਲੈ ਕੇ ਆਏ। ਸਾਰੇ ਆਤਮਨਿਰਭਰ ਭਾਰਤ ਪੈਕੇਜਾਂ, ਜਿਨ੍ਹਾਂ ਵਿੱਚ ਭਾਰਤੀ ਰਿਜਰਵ ਬੈਂਕ ਦੁਆਰਾ ਕੀਤੇ ਗਏ ਉਪਾਅ ਸ਼ਾਮਿਲ ਹਨ, ਦਾ ਕੁੱਲ ਵਿੱਤੀ ਪ੍ਰਭਾਵ ਲਗਭਗ 27.1 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਸੀ ਜੋ ਜੀਡੀਪੀ ਦੇ 13% ਤੋਂ ਅਧਿਕ ਬਣਦਾ ਹੈ।

8 .   ਸਰਕਾਰ ਦੇ ਰੂਪ ਵਿੱਚ, ਅਸੀਂ ਸਥਿਤੀ ‘ਤੇ ਨਜ਼ਰ ਬਣਾਈ ਰੱਖੀ ਅਤੇ ਆਪਣੇ ਰਿਸਪੌਂਸ ਵਿੱਚ, ਅਸੀਂ ਅਤਿਅੰਤ ਮੁਸਤੈਦ ਸੀ। ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਸਰਕਾਰ ਨੇ ਸਾਡੇ ਸਮਾਜ ਦੇ ਸਭ ਤੋਂ ਅਧਿਕ ਸੰਵੇਦਨਸ਼ੀਲ ਵਰਗਾਂ – ਨਿਰਧਨਾਂ ਵਿੱਚ ਨਿਰਧਨਤਮ, ਦਲਿਤਾਂ, ਜਨਜਾਤੀਆਂ , ਬਜ਼ੁਰਗਾਂ , ਪ੍ਰਵਾਸੀ ਮਜ਼ਦੂਰਾਂ ਅਤੇ ਆਪਣੇ ਬੱਚਿਆਂ ਨੂੰ ਸਹਾਰਾ ਦੇਣ ਲਈ ਆਪਣੇ ਸੰਸਾਧਨਾਂ ਨਾਲ ਮੁਸ਼ਕਿਲ ਨਾਲ ਰਸਤਾ ਕੱਢਿਆ । ਪੀਐੱਮਜੀਕੇਵਾਈ, ਤਿੰਨ ਏਐੱਨਬੀ ਪੈਕੇਜ ਅਤੇ ਬਾਅਦ ਵਿੱਚ ਕੀਤੇ ਗਏ ਐਲਾਨ ਆਪਣੇ ਆਪ ਵਿੱਚ ਪੰਜ ਮਿੰਨੀ ਬਜਟ ਦੇ ਸਮਾਨ ਸਨ।

9 .   ਆਤਮਨਿਰਭਰ ਪੈਕੇਜਾਂ ਨੇ ਢਾਂਚਾਗਤ ਸੁਧਾਰਾਂ ਦੀ ਸਾਡੀ ਗਤੀ ਨੂੰ ਵਧਾਇਆ। ਐੱਮਐੱਸਐੱਮਈ ਦਾ ਪੁਨਰਨਿਰਧਾਰਣ, ਖਣਿਜ ਖੇਤਰ ਦਾ ਵਾਪਰੀ , ਖੇਤੀਬਾੜੀ ਅਤੇ ਕਿਰਤ ਸੁਧਾਰ , ਜਨਤਕ ਖੇਤਰ ਦੇ ਉਪਕ੍ਰਮਾਂ ਦਾ ਨਿਜੀਕਰਨ , ਏਕ ਰਾਸ਼ਟਰ ਏਕ ਰਾਸ਼ਨ ਕਾਰਡ ਅਤੇ ਉਤਪਾਦਨ ਨਾਲ ਜੁੜੀਆਂ ਪ੍ਰੋਤਸਾਹਨ ਯੋਜਨਾਵਾਂ ਇਸ ਮਿਆਦ ਦੌਰਾਨ ਕੀਤੇ ਗਏ ਕੁਝ ਵਰਨਣਯੋਗ ਸੁਧਾਰ ਹਨ । ਫੇਸਲੈੱਸ ਆਮਦਨ ਟੈਕਸ ਨਿਰਧਾਰਣ , ਡੀਬੀਟੀ ਅਤੇ ਵਿੱਤੀ ਸਮਾਵੇਸ਼ਨ ਹੋਰ ਸੁਧਾਰ ਹਨ।

10 .   ਅੱਜ, ਭਾਰਤ ਦੇ ਕੋਲ ਦੋ ਵੈਕਸੀਨ ਉਪਲੱਬਧ ਹਨ ਅਤੇ ਅਸੀਂ ਕੋਵਿਡ-19 ਦੇ ਖਿਲਾਫ਼ ਨਾ ਕੇਵਲ ਆਪਣੇ ਖੁਦ ਦੇ ਨਾਗਰਿਕਾਂ ਨੂੰ ਚਿਕਿਤਸਾ ਦੀ ਦ੍ਰਿਸ਼ਟੀ ਤੋਂ ਸੁਰੱਖਿਅਤ ਕਰਨਾ ਸ਼ੁਰੂ ਕੀਤਾ ਹੈ, ਬਲਕਿ 100 ਜਾਂ ਉਸ ਤੋਂ ਅਧਿਕ ਦੇਸ਼ਾਂ ਦੇ ਲੋਕਾਂ ਨੂੰ ਵੀ ਇਸ ਦੀ ਸੁਰੱਖਿਆ ਉਪਲੱਬਧ ਕਰਵਾਈ ਹੈ । ਇਹ ਜਾਣ ਕੇ ਸਾਨੂੰ ਹੋਰ ਅਧਿਕ ਸੰਤੋਸ਼ ਹੈ ਕਿ ਹੋਰ ਦੋ ਜਾਂ ਅਧਿਕ ਵੈਕਸੀਨਾਂ ਦੇ ਵੀ ਜਲਦੀ ਆਉਣ ਦੀ ਸੰਭਾਵਨਾ ਹੈ।

11 .   ਮਾਣਯੋਗ ਪ੍ਰਧਾਨ ਮੰਤਰੀ ਨੇ ਸਾਡੇ ਵਿਗਿਆਨੀਆਂ ਨੂੰ ਸ਼ਲਾਘਾ ਕਰਦਿਆਂ ਅਤੇ ਧੰਨਵਾਦ ਦਿੰਦੇ ਹੋਏ ਟੀਕਾਕਰਨ ਅਭਿਯਾਨ ਦਾ ਸ਼ੁਭਾਰੰਭ ਕੀਤਾ। ਅਸੀਂ ਉਨ੍ਹਾਂ ਦੇ ਯਤਨਾਂ ਦੀ ਸ਼ਕਤੀ ਅਤੇ ਤਪੱਸਿਆ ਲਈ ਉਨ੍ਹਾਂ ਦੇ ਸਦਾ ਅਹਿਸਾਨਮੰਦ ਰਹਾਂਗੇ।

12 .   ਇਹ ਕਹਿੰਦੇ ਹੋਏ , ਸਾਨੂੰ ਸਾਰਿਆਂ ਨੂੰ ਬਾਰ ਬਾਰ ਇਹ ਯਾਦ ਆਉਂਦਾ ਹੈ ਕਿ ਕੋਵਿਡ-19 ਦੇ ਵਿਰੁੱਧ ਸਾਡੀ ਲੜਾਈ 2021 ਵਿੱਚ ਵੀ ਜਾਰੀ ਰਹੇਗੀ।

13 .   ਹੁਣ, ਜਿਵੇਂ ਕਿ ਦੋ ਵਿਸ਼ਵ ਯੁੱਧਾਂ ਦੇ ਬਾਅਦ ਵਾਪਰਿਆ ਸੀ , ਅਜਿਹੇ ਸੰਕੇਤ ਹਨ ਕਿ ਕੋਵਿਡ ਦੇ ਬਾਅਦ ਦੀ ਦੁਨੀਆ ਵਿੱਚ ਰਾਜਨੀਤਕ , ਆਰਥਿਕ ਅਤੇ ਰਣਨੀਤਿਕ ਸਬੰਧ ਬਦਲ ਰਹੇ ਹਨ। ਇਤਿਹਾਸ ਵਿੱਚ ਇਹ ਪਲ ਇੱਕ ਨਵੇਂ ਯੁੱਗ ਦੇ ਆਉਣ ਦੀ ਸ਼ੁਰੂਆਤ ਹੈ – ਜਿਸ ਵਿੱਚ ਭਾਰਤ ਸਹੀ ਮਾਅਨਿਆਂ ਵਿੱਚ ਸੰਭਾਵਨਾਵਾਂ ਅਤੇ ਉਮੀਦ ਦੀ ਧਰਤੀ ਬਣਨ ਲਈ ਤਿਆਰ ਹੈ।

“ਵਿਸ਼ਵਾਸ ਉਹ ਚਿੜੀ ਹੈ ਜੋ ਪ੍ਰਕਾਸ਼ ਦਾ ਅਨੁਭਵ ਕਰਦੀ ਹੈ ਅਤੇ ਉਦੋਂ ਗਾਉਂਦੀ ਹੈ ਜਦੋਂ ਸਵੇਰਾ ਵੇਲੇ ਹਨ੍ਹੇਰਾ ਬਣਿਆ ਹੀ ਰਹਿੰਦਾ ਹੈ।”

- ਰਵਿੰਦ੍ਰਨਾਥ ਟੈਗੋਰ

( ਫਾਇਰਫਸਾਈਸ–ਏ ਕਲੈਕਸ਼ਨ ਆਫ ਏਫੋਰਿਜਮ )

14 . ਇਸ ਭਾਵਨਾ ਨਾਲ , ਮੈਂ ਉਸ ਖੁਸ਼ੀ ਨੂੰ ਬਿਆਨ ਕਰਨ ਲਈ ਯਾਦ ਕਰਦੀ ਹਾਂ , ਜੋ ਇੱਕ ਕ੍ਰਿਕੇਟ ਪ੍ਰੇਮੀ ਰਾਸ਼ਟਰ ਦੇ ਰੂਪ ਵਿੱਚ, ਅਸੀਂ ਆਸਟ੍ਰੇਲੀਆ ਵਿੱਚ ਟੀਮ ਭਾਰਤ ਦੀ ਸ਼ਾਨਦਾਰ ਸਫ਼ਲਤਾ ਦੇ ਬਾਅਦ ਮਹਿਸੂਸ ਕੀਤਾ। ਇਸ ਨੇ ਸਾਨੂੰ ਸਾਰਿਆਂ ਨੂੰ ਉਨ੍ਹਾਂ ਸਾਰੇ ਗੁਣਾਂ ਨੂੰ ਯਾਦ ਕਰਵਾਇਆ ਜਿਨ੍ਹਾਂ ਦੇ ਲਈ ਅਸੀਂ , ਭਾਰਤ ਦੇ ਲੋਕ , ਖਾਸ ਤੌਰ 'ਤੇ ਜਾਣੇ ਜਾਂਦੇ ਹਾਂ , ਉਹ ਗੁਣ ਹਨ - ਭਰਪੂਰ ਹੌਸਲਾ ਅਤੇ ਕੰਮ ਕਰਨ ਅਤੇ ਕਾਮਯਾਬ ਹੋਣ ਦੀ ਅਟੁੱਟ ਅਭਿਲਾਸ਼ਾ। ਸਾਡੇ ਯੁਵਾ ਸਮਰੱਥ ਸੰਭਾਵਨਾ ਅਤੇ ਕੁਝ ਕਰ ਗੁਜ਼ਰਣ ਅਤੇ ਸਫ਼ਲਤਾ ਦੇ ਅਭੇਦ ਸਾਹਸ ਦੇ ਪ੍ਰਤੀਕ ਹਨ।

15 . ਅੱਜ, ਅੰਕੜੇ ਇਹ ਦਰਸਾਉਂਦੇ ਹਨ ਕਿ ਹੁਣ ਭਾਰਤ ਵਿੱਚ ਪ੍ਰਤੀ ਮਿਲੀਅਨ ‘ਤੇ 112 ਦੀ ਨਿਊਨਤਮ ਮੌਤ ਦਰ ਹੈ ਅਤੇ ਪ੍ਰਤੀ ਮਿਲੀਅਨ ‘ਤੇ 130 ਨਿਊਨਤਮ ਐਕਟਿਵ ਕੇਸ ਹਨ। ਇਸ ਨੇ ਉਸ ਪੁਨਰ-ਉਭਾਰ ਦੀ ਨੀਂਹ ਰੱਖ ਦਿੱਤੀ ਹੈ ਜਿਸ ਨੂੰ ਅਸੀਂ ਹੁਣ ਅਰਥਵਿਵਸਥਾ ਵਿੱਚ ਦੇਖ ਰਹੇ ਹਾਂ।

16 . ਇਹ ਬਜਟ ਇਸ ਨਵੇਂ ਦਹਾਕੇ ਦਾ ਪਹਿਲਾ ਬਜਟ ਹੋਵੇਗਾ । ਇਹ ਬਜਟ ਇੱਕ ਡਿਜਿਟਲ ਬਜਟ ਵੀ ਹੋਵੇਗਾ ਅਤੇ ਜੋ ਤੁਹਾਡੇ ਸਾਰਿਆਂ ਦੇ ਸਮਰਥਨ ਨਾਲ ਸੰਭਵ ਹੋਇਆ ਹੈ ।

17. ਹੁਣ ਤੱਕ, ਕੇਵਲ ਤਿੰਨ ਵਾਰ ਅਜਿਹਾ ਹੋਇਆ ਹੈ ਜਦੋਂ ਅਰਥਵਿਵਸਥਾ ਵਿੱਚ ਨਿਘਾਰ ਦੇ ਬਾਅਦ ਬਜਟ ਆਇਆ ਹੈ । ਅਜਿਹੇ ਸਾਰੇ ਨਿਘਾਰ ਉਨ੍ਹਾਂ ਪਰਿਸਥਿਤੀਆਂ ਦੇ ਨਤੀਜੇ ਸਨ ਜਿਨ੍ਹਾਂ ਦੇ ਲੱਛਣ ਭਾਰਤ ਵਿੱਚ ਮਿਲਦੇ ਹਨ। ਇਸ ਵਾਰ, ਸਾਡੀ ਅਰਥਵਿਵਸਥਾ ਵਿੱਚ ਕਮੀ ਵਿਸ਼ਵ ਮਹਾਮਾਰੀ ਦੀ ਵਜ੍ਹਾ ਨਾਲ ਹੋਈ , ਠੀਕ ਉਵੇਂ ਹੀ ਜਿਵੇਂ ਅਨੇਕ ਹੋਰ ਦੇਸ਼ਾਂ ਵਿੱਚ ਹੋਈ ।

18 . ਇਹ ਕਹਿ ਕੇ, ਮੈਂ ਵਿਸ਼ਵਾਸਪੂਰਵਕ ਇਹ ਕਹਿਣਾ ਚਾਹੁੰਦੀ ਹਾਂ ਕਿ ਸਾਡੀ ਸਰਕਾਰ ਅਰਥਵਿਵਸਥਾ ਨੂੰ ਫਿਰ ਪਟਰੀ ‘ਤੇ ਲਿਆਉਣ ਲਈ ਸਹਿਯੋਗ ਕਰਨ ਅਤੇ ਸੁਵਿਧਾ ਦੇਣ ਲਈ ਪੂਰਨ ਰੂਪ ਨਾਲ ਤਿਆਰ ਹੈ । ਇਹ ਬਜਟ ਸਾਡੀ ਅਰਥਵਿਵਸਥਾ ਨੂੰ ਉੱਪਰ ਉਠਾਉਣ ਅਤੇ ਰਫਤਾਰ ਫੜਨ ਲਈ ਉਹ ਹਰ ਅਵਸਰ ਉਪਲੱਬਧ ਕਰਵਾਉਂਦਾ ਹੈ ਜਿਸ ਦੀ ਇਸ ਨੂੰ ਚਿਰਸਥਾਈ ਵਿਕਾਸ ਲਈ ਦਰਕਾਰ ਹੈ।

19 . ਸਾਲ 2021 ਸਾਡੇ ਇਤਿਹਾਸ ਲਈ ਅਨੇਕ ਮਹੱਤਵਪੂਰਣ ਮੀਲ ਦੇ ਪੱਥਰਾਂ ਦਾ ਸਾਲ ਹੈ । ਮੈਂ ਉਨ੍ਹਾਂ ਵਿਚੋਂ ਕੁਝ ਦਾ ਉਲੇਖ ਕਰਦੀ ਹਾਂ - ਇਹ ਆਜ਼ਾਦੀ ਦਾ 75ਵਾਂ ਸਾਲ ਹੈ –ਭਾਰਤ ਵਿੱਚ ਗੋਆ ਦੇ ਰਲੇਂਵੇ ਦਾ 60ਵਾਂ ਸਾਲ ਹੈ , 1971 ਦੇ ਭਾਰਤ - ਪਾਕਿਸਤਾਨ ਯੁੱਧ ਦਾ 50ਵਾਂ ਸਾਲ ਹੈ – ਇਹ ਸੁਤੰਤਰ ਭਾਰਤ ਦੀ 8ਵੀਂ ਜਨਗਣਨਾ ਦਾ ਸਾਲ ਹੋਵੇਗਾ – ਇਹ ਬ੍ਰਿਕਸ ਵਿੱਚ ਭਾਰਤ ਦੇ ਪ੍ਰਧਾਨਗੀ ਦੀ ਸਾਲ ਹੋਵੇਗਾ – ਸਾਡੇ ਚੰਦ੍ਰਯਾਨ-3 ਮਿਸ਼ਨ ਦਾ ; ਅਤੇ ਹਰਿਦੁਆਰ ਮਹਾਕੁੰਭ ਦਾ ਸਾਲ ਹੋਵੇਗਾ ।

20. ਮਾਣਯੋਗ ਸਪੀਕਰ ਸਾਹਿਬ, ਮੈਂ ਬਜਟ ਦੇ ਭਾਗ ਏ ਨੂੰ ਅਰੰਭ ਕਰਨ ਤੋਂ ਪਹਿਲਾਂ ਮੈਂ ਇਸ ਗੱਲ ਦਾ ਆਭਾਰ ਪ੍ਰਗਟ ਕਰਨ ਲਈ ਇੱਕ ਪਲ ਲੈਣਾ ਚਾਹਾਂਗੀ ਕਿ ਸਾਡੇ ਵਰਗੇ ਦੇਸ਼ ਲਈ ਵੱਖ ਰਹਿਣਾ ਅਤੇ ਦੂਰੀ ਬਣਾਈ ਰੱਖਣਾ ਕਿਸ ਤਰ੍ਹਾਂ ਪਹਾੜ ਵਰਗੀਆਂ ਚੁਣੌਤੀਆਂ ਦੇ ਰੂਪ ਵਿੱਚ ਪ੍ਰਤੀਤ ਹੋਇਆ ਜਿੱਥੇ ਸੰਕਟ ਦੇ ਸਮੇਂ ਲੋਕ ਇੱਕ ਸਾਥ ਆ ਜਾਂਦੇ ਹਾਂ। ਇਸ ਨੇ ਸਾਨੂੰ ਅਨੇਕ ਤਰੀਕਿਆਂ ਨਾਲ ਨੁਕਸਾਨ ਪਹੁੰਚਾਇਆ । ਸਾਡੇ ਹਰੇਕ ਨਾਗਰਿਕ ਨੇ ਆਪਣੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਇੱਕ ਅਤਿਅੰਤ ਕਠਿਨ ਸਾਲ ਦਾ ਸਾਹਮਣਾ ਕਰਨ ਲਈ ਜੋ ਜਜ਼ਬਾ ਦਿਖਾਇਆ , ਉਸ ਦੇ ਲਈ ਮੈਂ ਉਨ੍ਹਾਂ ਵਿੱਚੋਂ ਹਰੇਕ ਦੇ ਸਾਹਮਣੇ ਆਪਣਾ ਸਿਰ ਝੁਕਾਉਂਦੀ ਹਾਂ ।

ਭਾਗ ਏ

21 . ਭਾਗ ਏ ਵਿੱਚ , ਮੈਂ ਆਤਮਨਿਰਭਰ ਭਾਰਤ ਦਾ ਵਿਜ਼ਨ ਰੱਖਣਾ ਚਾਹੁੰਦੀ ਹਾਂ ।

22 . ਆਤਮਨਿਰਭਰਤਾ ਇੱਕ ਨਵਾਂ ਵਿਚਾਰ ਨਹੀਂ ਹੈ। ਪ੍ਰਾਚੀਨ ਭਾਰਤ ਕੁੱਲ ਮਿਲਾ ਕੇ ਆਤਮਨਿਰਭਰ , ਅਤੇ ਸਮਾਨ ਰੂਪ ਨਾਲ , ਵਿਸ਼ਵ ਦਾ ਵਪਾਰਿਕ ਮੁੱਖ ਕੇਂਦਰ ਸੀ ।

23 . ਆਤਮਨਿਰਭਰ ਭਾਰਤ 130 ਕਰੋੜ ਭਾਰਤੀਆਂ ਦੀ ਅਭਿਵਅਕਤੀ ਹੈ ਜਿਨ੍ਹਾਂ ਨੂੰ ਆਪਣੀਆਂ ਸਮਰੱਥਾਵਾਂ ਅਤੇ ਕੌਸ਼ਲਾਂ ਵਿੱਚ ਪੂਰਾ ਭਰੋਸਾ ਹੈ ।

24 . ਅਸੀਂ ਪਹਿਲਾਂ ਹੀ ਜੀ-20 ਅਤੇ ਬ੍ਰਿਕਸ ਜਿਹੇ ਅੰਤਰਾਸ਼ਟਰੀ ਸਮੂਹਾਂ ਦਾ ਹਿੱਸਾ ਬਣ ਚੁੱਕੇ ਹਾਂ।ਆਪਦਾ ਲਚਕਦਾਰ ਢਾਂਚੇ ਦੇ ਲਈ ਗਠਜੋੜ ਅਤੇ ਅੰਤਰਾਸ਼ਟਰੀ ਸੌਰ ਮਿੱਤਰਤਾ ਭਾਰਤ ਦੇ ਯਤਨਾਂ ਦੇ ਕਾਰਨ ਅੱਜ ਅਸਲੀ ਰੂਪ ਲੈ ਚੁੱਕੇ ਹਨ ।

25 . ਭਾਗ ਏ ਵਿੱਚ ਦਿੱਤੇ ਗਏ ਪ੍ਰਸਤਾਵ , ਹੋਰ ਗੱਲਾਂ ਦੇ ਨਾਲ - ਨਾਲ , ਰਾਸ਼ਟਰ ਪਹਿਲਾਂ , ਕਿਸਾਨਾਂ ਦੀ ਆਮਦਨ ਦੁੱਗਣਾ ਕਰਨਾ, ਸੁਦ੍ਰਿੜ੍ਹ ਢਾਂਚਾ , ਸਵਸਥ ਭਾਰਤ , ਸੁਸ਼ਾਸਨ , ਨੌਜਵਾਨਾਂ ਲਈ ਅਵਸਰ , ਸਾਰਿਆਂ ਲਈ ਸਿੱਖਿਆ , ਮਹਿਲਾ ਸਸ਼ਕਤੀਕਰਨ ਅਤੇ ਸਮਾਵੇਸ਼ੀ ਵਿਕਾਸ ਦੇ ਸੰਕਲਪ ਨੂੰ ਹੋਰ ਸਸ਼ਕਤ ਕਰਾਂਗੇ ।

26. ਇਸ ਦੇ ਇਲਾਵਾ, 2015-16 ਦੇ ਬਜਟ ਵਿੱਚ ਅਸੀਂ ਜੋ 13 ਵਾਅਦੇ ਕੀਤੇ ਸਨ , ਉਨ੍ਹਾਂ ਦੇ ਤੇਜ਼ੀ ਨਾਲ ਲਾਗੂਕਰਨ ਦੇ ਰਸਤੇ ‘ਤੇ ਵੀ ਅਸੀਂ ਚੱਲ ਰਹੇ ਹਾਂ । ਇਹ ਉਹ ਵਾਅਦੇ ਹਨ ਜਿਨ੍ਹਾਂ ਨੇ ਸਾਡੀ ਆਜ਼ਾਦੀ ਦੇ 75ਵੇਂ ਸਾਲ ‘ਤੇ, 2022 ਦੇ ਅੰਮ੍ਰਿਤ ਮਹੋਤਸਵ ਦੌਰਾਨ ਫਲੀਭੂਤ ਹੋਣਗੇ। ਉਹ ਵੀ ਆਤਮਨਿਰਭਰਤਾ ਦੇ ਇਸ ਵਿਜ਼ਨ ਨਾਲ ਗੁੰਜਾਇਮਾਨ ਹੋ ਰਹੇ ਹਨ ।

27 . 2020 - 2021 ਦੇ ਬਜਟ ਪ੍ਰਸਤਾਵ 6 ਥੰਮ੍ਹਾਂ ‘ਤੇ ਆਧਾਰਿਤ ਹਨ –

i . ਸਿਹਤ ਅਤੇ ਭਲਾਈ

ii . ਭੌਤਿਕ ਅਤੇ ਵਿੱਤੀ ਪੂੰਜੀ , ਅਤੇ ਢਾਂਚਾ

iii . ਆਕਾਂਖੀ ਭਾਰਤ ਲਈ ਸਮਾਵੇਸ਼ੀ ਵਿਕਾਸ

iv . ਮਾਨਵ ਪੂੰਜੀ ਵਿੱਚ ਨਵਜੀਵਨ ਦਾ ਸੰਚਾਰ ਕਰਨਾ

v . ਨਵਪ੍ਰਵਰਤਨ ਅਤੇ ਖੋਜ ਅਤੇ ਵਿਕਾਸ

vi . ਨਿਊਨਤਮ ਸਰਕਾਰ ਅਤੇ ਅਧਿਕਤਮ ਸ਼ਾਸਨ

### ***1 . ਸਿਹਤ ਅਤੇ ਭਲਾਈ***

28. ਅਰੰਭ ਵਿੱਚ ਹੀ , ਮੈਂ ਇਹ ਕਹਿਣਾ ਚਾਹਾਂਗੀ ਕਿ ਇਸ ਬਜਟ ਵਿੱਚ ਸਿਹਤ ਢਾਂਚੇ ‘ਤੇ ਨਿਵੇਸ਼ ਸਮਰੱਥ ਰੂਪ ਨਾਲ ਜ਼ਰੂਰਤ ਅਨੁਸਾਰ ਵਧਾ ਦਿੱਤਾ ਗਿਆ ਹੈ। ਪ੍ਰਗਾਮੀ ਰੂਪ ਨਾਲ , ਸੰਸਥਾਵਾਂ ਜਿਵੇਂ - ਜਿਵੇਂ ਅਧਿਕ ਸਮਾਯੋਜਿਤ ਕਰ ਸਕਣਗੀਆਂ , ਓਵੇਂ - ਓਵੇਂ ਅਸੀਂ ਅਧਿਕ ਤੋਂ ਅਧਿਕ ਸਹਾਇਤਾ ਕਰਨ ਲਈ ਪ੍ਰਤਿਬੱਧ ਹਾਂ।

29 . ਸਿਹਤ ਦੇ ਪ੍ਰਤੀ ਸੰਪੂਰਨ ਦ੍ਰਿਸ਼ਟੀਕੋਣ ਅਪਣਾਉਂਦੇ ਹੋਏ, ਅਸੀਂ ਤਿੰਨ ਖੇਤਰਾਂ ਨੂੰ ਸੁਦ੍ਰਿੜ੍ਹ ਕਰਨ ‘ਤੇ ਧਿਆਨ ਕੇਂਦ੍ਰਿਤ ਕੀਤਾ ਹੈ–ਨਿਵਾਰਕ , ਉਪਚਾਰਾਤਮਕ , ਸੁਧਾਰਾਤਮਕ ਅਤੇ ਭਲਾਈ।

***ਸਿਹਤ ਪ੍ਰਣਾਲੀਆਂ***

30 . ਇੱਕ ਨਵੀਂ ਕੇਂਦਰੀ ਪ੍ਰਾਯੋਜਿਤ ਯੋਜਨਾ , **ਪੀਐੱਮ ਆਤਮਨਿਰਭਰ ਸਵਸਥ ਭਾਰਤ ਯੋਜਨਾ** 64,180 ਕਰੋੜ ਰੁਪਏ ਦੇ ਖਰਚ ਨਾਲ 6 ਸਾਲ ਲਈ ਲਾਂਚ ਕੀਤੀ ਜਾਵੇਗੀ । ਇਹ ਮੁਢਲੀਆਂ, ਦੂਜੀਆਂ ਅਤੇ ਤੀਜੀਆਂ ਦੇਖਭਾਲ ਸਿਹਤ ਪ੍ਰਣਾਲੀਆਂ ਦੀਆਂ ਸਮਰੱਥਾਵਾਂ ਨੂੰ ਵਿਕਸਿਤ ਕਰੇਗੀ, ਮੌਜੂਦਾ ਰਾਸ਼ਟਰੀ ਸੰਸਥਾਵਾਂ ਨੂੰ ਸੁਦ੍ਰਿੜ੍ਹ ਕਰੇਗੀ ਅਤੇ ਨਵੀਆਂ ਅਤੇ ਸਾਹਮਣੇ ਆਉਣ ਵਾਲੀਆਂ ਬੀਮਾਰੀਆਂ ਦੀ ਪਹਿਚਾਣ ਕਰਨ ਅਤੇ ਉਨ੍ਹਾਂ ਦਾ ਇਲਾਜ ਕਰਨ ਲਈ ਨਵੀਂ ਸੰਸਥਾ ਬਣਾਵੇਗੀ। ਇਹ ਰਾਸ਼ਟਰੀ ਸਿਹਤ ਮਿਸ਼ਨ ਦੇ ਅਤਿਰਿਕਤ ਹੋਵੇਗੀ । ਇਸ ਯੋਜਨਾ ਦੇ ਤਹਿਤ ਮੁੱਖ ਪਹਿਲਾਂ ਨਿਮਨਲਿਖਤ ਹਨ –

ਏ. 17,788 ਗ੍ਰਾਮੀਣ ਅਤੇ 11,024 ਸ਼ਹਿਰੀ ਸਿਹਤ ਅਤੇ ਵੈਲਨੇਸ ਕੇਂਦਰਾਂ ਲਈ ਸਮਰਥਨ

ਬੀ. 11 ਰਾਜਾਂ ਵਿੱਚ ਸਾਰੇ ਜ਼ਿਲ੍ਹਿਆਂ ਵਿੱਚ ਏਕੀਕ੍ਰਿਤ ਪਬਲਿਕ ਹੈਲਥ ਲੈਬਾਂ ਅਤੇ 3382 ਬਲਾਕ ਪਬਲਿਕ ਹੈਲਥ ਯੂਨਿਟਾਂ ਸਥਾਪਤ ਕਰਨਾ ।

ਸੀ. 602 ਜ਼ਿਲ੍ਹਿਆਂ ਅਤੇ 12 ਕੇਂਦਰੀ ਸੰਸਥਾਨਾਂ ਵਿੱਚ ਕ੍ਰਿਟੀਕਲ ਕੇਅਰ ਹਸਪਤਾਲ ਬਲਾਕ ਸਥਾਪਤ ਕਰਨਾ ।

ਡੀ. ਰਾਸ਼ਟਰੀ ਰੋਗ ਨਿਯੰਤ੍ਰਨ ਕੇਂਦਰ (ਐੱਨਸੀਡੀਸੀ) , ਇਸ ਦੀਆਂ ਪੰਜ ਖੇਤਰੀ ਸ਼ਾਖਾਵਾਂ ਅਤੇ 20 ਮਹਾਨਗਰ ਸਿਹਤ ਨਿਗਰਾਨੀ ਯੂਨਿਟਾਂ ਨੂੰ ਸੁਦ੍ਰਿੜ੍ਹ ਕਰਨਾ,

ਈ. ਏਕੀਕ੍ਰਿਤ ਸਿਹਤ ਸੂਚਨਾ ਪੋਰਟਲ ਦਾ ਸਾਰੇ ਰਾਜਾਂ/ਸੰਘ ਰਾਜ ਖੇਤਰਾਂ ਵਿੱਚ ਵਿਸਤਾਰ ਤਾਕਿ ਸਾਰੀਆਂ ਪਬਲਿਕ ਹੈਲਥ ਲੈਬਾਂ ਨੂੰ ਜੋੜਿਆ ਜਾ ਸਕੇ ।

ਐੱਫ . 17 ਨਵੀਆਂ ਲੋਕ ਸਿਹਤ ਯੂਨਿਟਾਂ ਨੂੰ ਚਾਲੂ ਕਰਨਾ ਅਤੇ 33 ਮੌਜੂਦਾ ਪਬਲਿਕ ਹੈਲਥ ਯੂਨਿਟਾਂ ਨੂੰ ਪ੍ਰਵੇਸ਼ ਬਿੰਦੂਆਂ 'ਤੇ ਸੁਦ੍ਰਿੜ੍ਹ ਕਰਨਾ ਜੋ 32 ਏਅਰਪੋਰਟਾਂ , 11 ਬੰਦਰਗਾਹਾਂ ਅਤੇ 7 ਲੈਂਡ ਕ੍ਰੌਸਿੰਗਸ 'ਤੇ ਹਨ ।

ਜੀ. 15 ਸਿਹਤ ਆਪਾਤਕਾਲੀਨ ਅਪਰੇਸ਼ਨ ਕੇਂਦਰਾਂ ਅਤੇ 2 ਮੋਬਾਇਲ ਹਸਪਤਾਲਾਂ ਦੀ ਸਥਾਪਨਾ ਕਰਨਾ ਅਤੇ

ਜ. ਵੰਨ ਹੈਲਥ, ਜੋ ਡਬਲਯੂਐੱਚਓ ਦੱਖਣ ਪੂਰਬੀ ਏਸ਼ੀਆ ਖੇਤਰ ਲਈ ਖੇਤਰੀ ਖੋਜ ਪਲੇਟਫਾਰਮ ਹੈ, ਲਈ ਇੱਕ ਰਾਸ਼ਟਰੀ ਸੰਸਥਾਨ , 9 ਬਾਇਓ - ਸੇਫਟੀ ਲੇਵਲ III ਲੈਬੋਟਰੀਆਂ ਅਤੇ ਵਿਸ਼ਾਣੂ ਵਿਗਿਆਨ ਲਈ 4 ਖੇਤਰੀ ਰਾਸ਼ਟਰੀ ਸੰਸਥਾਨਾਂ ਦੀ ਸਥਾਪਨਾ ਕਰਨਾ ।

***ਪੋਸ਼ਣ***

31 . ਪੋਸ਼ਣਗਤ ਮਾਤਰਾ , ਡਿਲੀਵਰੀ , ਆਊਟਰੀਚ ਅਤੇ ਨਤੀਜਿਆਂ ਨੂੰ ਸੁਦ੍ਰਿੜ੍ਹ ਕਰਨ ਲਈ ਅਸੀਂ ਸੰਪੂਰਕ ਪੋਸ਼ਣ ਪ੍ਰੋਗਰਾਮ ਅਤੇ ਪੋਸ਼ਣ ਅਭਿਯਾਨ ਦਾ ਰਲੇਵਾਂ ਕਰਾਂਗੇ ਅਤੇ ਮਿਸ਼ਨ ਪੋਸ਼ਣ 2.0 ਦਾ ਸ਼ੁਭਾਰੰਭ ਕਰਾਂਗੇ । ਅਸੀਂ 112 ਆਕਾਂਖੀ ਜ਼ਿਲ੍ਹਿਆਂ ਵਿੱਚ ਪੋਸ਼ਣਗਤ ਨਤੀਜਿਆਂ ਵਿੱਚ ਸੁਧਾਰ ਲਿਆਉਣ ਲਈ ਇੱਕ ਸੁਦ੍ਰਿੜ੍ਹੀਕ੍ਰਿਤ ਕਾਰਜਨੀਤੀ ਅਪਣਾਵਾਂਗੇ ।

***ਜਲ ਸਪਲਾਈ ਦੀ ਸਰਵਵਿਆਪੀ ਕਵਰੇਜ***

32 . ਵਿਸ਼ਵ ਸਿਹਤ ਸੰਗਠਨ ਨੇ ਸਰਵਵਿਆਪੀ ਸਿਹਤ ਹਾਸਲ ਕਰਨ ਲਈ ਇੱਕ ਪੂਰਵ ਉਮੀਦ ਦੇ ਰੂਪ ਵਿੱਚ ਸਵੱਛ ਜਲ , ਸਫਾਈ ਅਤੇ ਸਵੱਛ ਵਾਤਾਵਰਣ ਦੀ ਮਹੱਤਤਾ 'ਤੇ ਵਾਰ - ਵਾਰ ਬਲ ਦਿੱਤਾ ਹੈ।

33 . ਜਲ ਜੀਵਨ ਮਿਸ਼ਨ ( ਸ਼ਹਿਰੀ ) ਲਾਂਚ ਕੀਤਾ ਜਾਵੇਗਾ । ਇਸ ਦਾ ਉਦੇਸ਼ ਸਾਰੇ 4378 ਸ਼ਹਿਰੀ ਸਥਾਨਿਕ ਸੰਸਥਾਵਾਂ 2.86 ਕਰੋੜ ਘਰੇਲੂ ਨਲ ਕਨੈਕਸ਼ਨਾਂ ਰਾਹੀਂ ਆਲਮੀ ਜਲ ਸਪਲਾਈ ਅਤੇ 500 ਅੰਮ੍ਰਿਤ ਸ਼ਹਿਰਾਂ ਵਿੱਚ ਤਰਲ ਅਪਸ਼ਿਸ਼ਟ ਪ੍ਰਬੰਧਨ ਦੀ ਵਿਵਸਥਾ ਕਰਨਾ ਹੈ । ਇਸ ਨੂੰ 2,87,000 ਕਰੋੜ ਰੁਪਏ ਦੇ ਖਰਚ ਨਾਲ 5 ਸਾਲ ਵਿੱਚ ਲਾਗੂ ਕੀਤਾ ਜਾਵੇਗਾ ।

***ਸਵੱਛ ਭਾਰਤ , ਸਵਸਥ ਭਾਰਤ***

34 . ਸ਼ਹਿਰੀ ਭਾਰਤ ਨੂੰ ਹੋਰ ਅਧਿਕ ਸਵੱਛ ਬਣਾਉਣ ਲਈ , ਸਾਡਾ ਇਰਾਦਾ ਪੂਰਨ ਮਲ ਪ੍ਰਬੰਧਨ ਅਤੇ ਅਪਸ਼ਿਸ਼ਟ ਜਲ ਸ਼ੋਧਨ , ਕਚਰੇ ਨੂੰ ਸਰੋਤ 'ਤੇ ਅਲੱਗ ਕਰਨਾ , ਸਿੰਗਲ ਯੂਜ਼ ਪਲਾਸਟਿਕ ਵਿੱਚ ਕਮੀ ਲਿਆਉਣ , ਨਿਰਮਾਣ ਅਤੇ ਨਸ਼ਟ ਕਰਨ ਦੇ ਕਾਰਜਾਂ ਦੀ ਰਹਿੰਦ - ਖੂੰਹਦ ਪ੍ਰਭਾਵੀ ਰੂਪ ਨਾਲ ਪ੍ਰਬੰਧ ਕਰਕੇ ਵਾਯੂ ਪ੍ਰਦੂਸ਼ਣ ਵਿੱਚ ਕਮੀ ਲਿਆਉਣ ਅਤੇ ਸਾਰੇ ਪੁਰਾਣੇ ਡੰਪਸਾਈਟਾਂ ਦੇ ਬਾਇਓ - ਉਪਚਾਰ 'ਤੇ ਧਿਆਨ ਕੇਂਦ੍ਰਿਤ ਕਰਨਾ ਹੈ । ਸ਼ਹਿਰੀ ਸਵੱਛ ਭਾਰਤ ਮਿਸ਼ਨ 2.0 ਨੂੰ 2021-2026 ਤੋਂ 5 ਸਾਲ ਦੀ ਮਿਆਦ ਵਿੱਚ 1,41,678 ਕਰੋੜ ਰੁਪਏ ਦੀ ਕੁੱਲ ਵਿੱਤੀ ਵੰਡ ਨਾਲ ਲਾਗੂ ਕੀਤਾ ਜਾਵੇਗਾ ।

***ਸਵੱਛ ਵਾਯੂ***

35 . ਵਾਯੂ ਪ੍ਰਦੂਸ਼ਣ ਦੀ ਵੱਧਦੀ ਸਮੱਸਿਆ ਦਾ ਸਮਾਧਾਨ ਕਰਨ ਲਈ , ਮੈਂ ਇਸ ਬਜਟ ਵਿੱਚ 1 ਮਿਲੀਅਨ ਤੋਂ ਅਧਿਕ ਜਨਸੰਖਿਆ ਵਾਲੇ 42 ਸ਼ਹਿਰੀ ਕੇਂਦਰਾਂ ਲਈ 2,217 ਕਰੋੜ ਰੁਪਏ ਦੀ ਰਕਮ ਉਪਲੱਬਧ ਕਰਵਾਉਣ ਦਾ ਪ੍ਰਸਤਾਵ ਕਰਦੀ ਹਾਂ ।

***ਸਕ੍ਰੈਪਿੰਗ ਨੀਤੀ***

36 . ਅਸੀਂ ਪੁਰਾਣੇ ਅਤੇ ਅਯੋਗ ਵਾਹਨਾਂ ਨੂੰ ਪੜਾਅਬੱਧ ਢੰਗ ਨਾਲ ਹਟਾਉਣ ਲਈ ਅਲੱਗ ਤੋਂ ਇੱਕ ਸਵੈਇੱਛੁਕ ਵਾਹਨ ਸਕ੍ਰੈਪਿੰਗ ਨੀਤੀ ਦਾ ਐਲਾਨ ਕਰ ਰਹੇ ਹਾਂ। ਇਸ ਤੋਂ ਈਂਧਣ - ਸ਼ੀਲ , ਵਾਤਾਵਰਣ ਅਨੁਕੂਲ ਵਾਹਨਾਂ ਨੂੰ ਪ੍ਰੋਤਸਾਹਿਤ ਕਰਨ , ਇਸ ਤਰ੍ਹਾਂ ਵਾਹਨ ਪ੍ਰਦੂਸ਼ਣ , ਤੇਲ ਆਯਾਤ ਬਿਲ ਨੂੰ ਘੱਟ ਕਰਨ ਵਿੱਚ ਮਦਦ ਮਿਲੇਗੀ । ਵਿਅਕਤੀਗਤ ਵਾਹਨਾਂ ਦੇ ਮਾਮਲੇ ਵਿੱਚ 20 ਸਾਲ ਦੇ ਬਾਅਦ ਅਤੇ ਵਪਾਰਕ ਵਾਹਨਾਂ ਦੇ ਮਾਮਲੇ ਵਿੱਚ 15 ਸਾਲ ਦੇ ਬਾਅਦ ਦੀ ਆਟੋਮੈਟੇਡ ਫਿਟਨੈੱਸ ਸੈਂਟਰਾਂ ਵਿੱਚ ਫਿਟਨੈੱਸ ਜਾਂਚ ਕਰਵਾਉਣੀ ਹੋਵੇਗੀ । ਇਸ ਯੋਜਨਾ ਦਾ ਵੇਰਵਾ ਮੰਤਰਾਲੇ ਦੁਆਰਾ ਅਲੱਗ ਤੋਂ ਸਾਂਝਾ ਕੀਤਾ ਜਾਵੇਗਾ ।

***ਵੈਕਸੀਨ***

37 . ਨਿਊਮੋਕੋਲ ਵੈਕਸੀਨ , ਇੱਕ ਭਾਰਤ ਨਿਰਮਿਤ ਉਤਪਾਦ ਹੈ , ਵਰਤਮਾਨ ਵਿੱਚ ਕੇਵਲ 5 ਰਾਜਾਂ ਤੱਕ ਸੀਮਿਤ ਹੈ, ਨੂੰ ਪੂਰੇ ਦੇਸ਼ ਵਿੱਚ ਲਾਗੂ ਕੀਤਾ ਜਾਵੇਗਾ ਇਸ ਨਾਲ ਪ੍ਰਤੀ ਸਾਲ 50 ਹਜ਼ਾਰ ਤੋਂ ਅਧਿਕ ਬਾਲ ਮੌਤ ਨੂੰ ਰੋਕਿਆ ਜਾਵੇਗਾ ।

38 . ਮੈਂ ਬਜਟ ਅਨੁਮਾਨ 2021-22 ਵਿੱਚ ਕੋਵਿਡ-19 ਵੈਕਸੀਨ ਲਈ 35 ਹਜ਼ਾਰ ਕਰੋੜ ਰੁਪਏ ਪ੍ਰਦਾਨ ਕੀਤੇ ਹਨ । ਮੈਂ ਹੋਰ ਅਧਿਕ ਫੰਡ , ਜੇ ਜ਼ਰੂਰੀ ਹੋਏ , ਤਾਂ ਉਪਲਬਧ ਕਰਵਾਉਣ ਲਈ ਪ੍ਰਤਿਬੱਧ ਹਾਂ।

39 . ਸਿਹਤ ਅਤੇ ਭਲਾਈ ਦੇ ਲਈ ਇਸ ਸਾਲ ਦੇ ਬਜਟ ਅਨੁਮਾਨ 94,452 ਕਰੋੜ ਰੁਪਏ ਦੀ ਤੁਲਨਾ ਵਿੱਚ ਬੀਈ 2021-22 ਵਿੱਚ 2,23,846 ਕਰੋੜ ਰੁਪਏ ਹੈ । ਇਸ ਤਰ੍ਹਾਂ, 137% ਦਾ ਵਾਧਾ ਹੋਇਆ । ਇਸ ਦਾ ਵੇਰਵਾ ਭਾਸ਼ਣ ਦੇ ਅਨੁਬੰਧ ਵਿੱਚ ਹੈ ।

## ***2 . ਭੌਤਿਕ ਅਤੇ ਵਿੱਤੀ ਪੂੰਜੀ ਅਤੇ ਢਾਂਚਾ***

***ਆਤਮਨਿਰਭਰ ਭਾਰਤ – ਉਤਪਾਦਨ ਨਾਲ ਜੁੜੀ ਪ੍ਰੋਤਸਾਹਨ ਯੋਜਨਾ (ਪੀਐੱਲਆਈ)***

40 . 5 ਟ੍ਰਿਲੀਅਨ ਅਮਰੀਕੀ ਡਾਲਰ ਵਾਲੀ ਅਰਥਵਿਵਸਥਾ ਲਈ, ਸਾਡੇ ਵਿਨਿਰਮਾਣ ਖੇਤਰ ਨੂੰ ਨਿਰੰਤਰ ਅਧਾਰ ‘ਤੇ ਦੋਹਰੇ ਅੰਕਾਂ ਵਿੱਚ ਵਧਾਉਣਾ ਹੈ । ਸਾਡੀਆਂ ਵਿਨਿਰਮਾਣ ਕੰਪਨੀਆਂ ਲਈ ਵਿਸ਼ਵ ਸਪਲਾਈ ਚੇਨ ਦਾ ਇੱਕ ਅੰਗਭੂਤ ਭਾਗ ਬਣਨ , ਪ੍ਰਮੁੱਖ ਸਮਰੱਥਾ ਅਤੇ ਅਤਿਆਧੁਨਿਕ ਟੈਕਨੋਲੋਜੀ ਰੱਖਣ ਦੀ ਜ਼ਰੂਰਤ ਹੈ । ਉਪਰੋਕਤ ਸਾਰਿਆਂ ਨੂੰ ਹਾਸਲ ਕਰਨ ਲਈ , ਆਤਮਨਿਰਭਰ ਭਾਰਤ ਲਈ ਵਿਨਿਰਮਾਣ ਵਿਸ਼ਵ ਚੈਂਪੀਅਨ ਬਣਾਉਣ ਲਈ 13 ਸੈਕਟਰਾਂ ਲਈ ਪੀਐੱਲਆਈ ਯੋਜਨਾਵਾਂ ਐਲਾਨੀਆਂ ਗਈਆਂ ਹਨ । ਇਸ ਦੇ ਲਈ, ਸਰਕਾਰ ਵਿੱਤ ਸਾਲ 2021-22 ਤੋਂ ਸ਼ੁਰੂ ਕਰਕੇ ਅਗਲੇ 5 ਸਾਲ ਵਿੱਚ ਲਗਭਗ 1.97 ਲੱਖ ਕਰੋੜ ਰੁਪਏ ਦੀ ਵਿਵਸਥਾ ਕਰਨ ਲਈ ਪ੍ਰਤਿਬੱਧ ਹੈ । ਇਹ ਪਹਿਲ ਪ੍ਰਮੁੱਖ ਖੇਤਰਾਂ ਵਿੱਚ ਵਿਆਪਕਤਾ ਅਤੇ ਆਕਾਰ ਲਿਆਉਣ ਵਿੱਚ , ਵਿਸ਼ਵ ਚੈਂਪੀਅਨ ਸਿਰਜਣ ਅਤੇ ਪੋਸ਼ਣ ਕਰਨ ਅਤੇ ਸਾਡੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਵਿੱਚ ਸਹਾਇਤਾ ਕਰੇਗੀ ।

***ਟੈਕਸਟਾਈਲ***

41 . ਟੈਕਸਟਾਈਲ ਉਦਯੋਗ ਨੂੰ ਵਿਸ਼ਵ ਪੱਧਰ ‘ਤੇ ਪ੍ਰਤੀਯੋਗੀ ਬਣਨ ਲਈ ਸਮਰੱਥ ਬਣਾਉਣ , ਵੱਡੇ ਨਿਵੇਸ਼ ਆਕਰਸ਼ਿਤ ਕਰਨ ਅਤੇ ਰੋਜ਼ਗਾਰ ਸਿਰਜਣ ਨੂੰ ਤੇਜ਼ ਕਰਨ ਲਈ ਪੀਐੱਲਆਈ ਯੋਜਨਾ ਦੇ ਇਲਾਵਾ ਮੇਗਾ ਨਿਵੇਸ਼ ਟੈਕਸਟਾਈਲਸ ਪਾਰਕ ( ਮਿੱਤਰਾ ) ਦੀ ਇੱਕ ਯੋਜਨਾ ਲਾਂਚ ਕੀਤੀ ਜਾਵੇਗੀ । ਇਹ ਨਿਰਯਾਤ ਵਿੱਚ ਵਿਸ਼ਵ ਚੈਂਪੀਅਨ ਬਣਾਉਣ ਲਈ ਪਲੱਗ ਅਤੇ ਪਲੇ ਸੁਵਿਧਾਵਾਂ ਦੇ ਨਾਲ ਵਿਸ਼ਵ ਪੱਧਰ ‘ਤੇ ਢਾਂਚਾ ਸਿਰਜਤ ਕਰੇਗੀ। 3 ਸਾਲਾਂ ਦੀ ਮਿਆਦ ਵਿੱਚ 7 ਟੈਕਸਟਾਈਲ ਪਾਰਕ ਸਥਾਪਤ ਕੀਤੇ ਜਾਣਗੇ ।

## ਇਨਫ੍ਰਾਸਟ੍ਰਕਚਰ

1. ਨੈਸ਼ਨਲ ਇਨਫ੍ਰਾਸਟਰਕਚਰ ਪਾਈਪਲਾਈਨ (ਐੱਨਆਈਪੀ) ਜਿਸ ਦੀ ਮੈਂ ਦਸੰਬਰ 2019 ਵਿੱਚ ਘੋਸ਼ਣਾ ਕੀਤੀ ਸੀ, ਭਾਰਤ ਸਰਕਾਰ ਦੁਆਰਾ ਹੁਣ ਤੱਕ ਸ਼ੁਰੂ ਕੀਤੀ ਗਈ ਆਪਣੀ ਕਿਸਮ ਦੀ ਅਜਿਹੀ ਪਹਿਲੀ ਯੋਜਨਾ ਹੈ, ਜਿਸ ਵਿੱਚ ਸਮੁੱਚੀ ਸਰਕਾਰ ਨੂੰ ਜੁਟਨਾ ਪਵੇਗਾ। ਐੱਨਆਈਪੀ 6835 ਪ੍ਰੋਜੈਕਟਾਂ ਦੇ ਨਾਲ ਲਾਂਚ ਕੀਤੀ ਗਈ ਸੀ, ਪ੍ਰੋਜੈਕਟ ਪਾਈਪਲਾਈਨ ਦਾ ਵਿਸਤਾਰ ਕਰਕੇ ਇਸ ਵਿੱਚ ਹੁਣ 7400 ਪ੍ਰੋਜੈਕਟਾਂ ਨੂੰ ਸ਼ਾਮਲ ਕਰ ਦਿੱਤਾ ਗਿਆ ਹੈ। ਕੁਝ ਪ੍ਰਮੁੱਖ ਇਨਫ੍ਰਾਸਟ੍ਰਕਚਰ ਮੰਤਰਾਲਿਆਂ ਦੇ ਅਧੀਨ 1.10 ਲੱਖ ਕਰੋੜ ਰੁਪਏ ਮੁੱਲ ਦੇ ਲਗਭਗ 217 ਪ੍ਰੋਜੈਕਟ ਪੂਰੇ ਹੋ ਗਏ ਹਨ।

2.ਐੱਨਆਈਪੀ ਇੱਕ ਵਿਸ਼ੇਸ਼ ਟੀਚਾ ਹੈ ਜਿਸ ਨੂੰ ਇਹ ਸਰਕਾਰ ਆਗਾਮੀ ਵਰ੍ਹਿਆਂ ਵਿੱਚ ਹਾਸਲ ਕਰਨ ਦੇ ਲਈ ਪ੍ਰਤੀਬੱਧ ਹੈ। ਇਸ ਦੇ ਲਈ ਸਰਕਾਰ ਅਤੇ ਵਿੱਤੀ ਸੈਕਟਰ ਦੋਵਾਂ ਨਾਲ ਵਿੱਤਪੋਸ਼ਣ ਵਿੱਚ ਭਾਰੀ ਵਾਧੇ ਦੀ ਉਮੀਦ ਹੋਵੇਗੀ। ਇਸ ਬਜਟ ਵਿੱਚ, ਮੈਂ ਤਿੰਨ ਤਰੀਕਿਆਂ ਨਾਲ ਇਸ ਨੂੰ ਪੂਰਾ ਕਰਨ ਦੇ ਲਈ ਠੋਸ ਕਦਮ ਚੁੱਕਣ ਦਾ ਪ੍ਰਸਤਾਵ ਰੱਖਦੀ ਹਾਂ।

3.ਪਹਿਲਾਂ, ਸੰਸਥਾਗਤ ਸੰਰਚਨਾਵਾਂ ਸੁਰਜੀਤ ਕਰਕੇ, ਦੂਸਰਾ, ਸੰਪੱਤੀ ਦੇ ਮੁਦ੍ਰੀਕਰਨ ‘ਤੇ ਜੋਰ ਦੇ ਕੇ ਅਤੇ ਤੀਸਰਾ ਕੇਂਦਰੀ ਤੇ ਰਾਜ ਬਜਟਾਂ ਵਿੱਚ ਪੂੰਜੀਗਤ ਖਰਚ ਦੇ ਹਿੱਸਿਆਂ ਵਿੱਚ ਵਾਧਾ ਕਰਕੇ।

**ਇਨਫ੍ਰਾਸਟ੍ਰਕਚਰ ਵਿੱਤਪੋਸ਼ਣ - ਵਿਕਾਸ ਵਿੱਤੀ ਸੰਸਥਾਨ (ਡੀਐੱਫਆਈ)**

42 . ਇਨਫ੍ਰਾਸਟ੍ਰਕਚਰ ਦੇ ਲਈ ਦੀਰਘਅਵਧੀ ਕਰਜ਼ਾ ਵਿੱਤਪੋਸ਼ਣ ਅਪੇਕਸ਼ਿਤ ਹੈ। ਪੇਸ਼ੇਵਰ ਰੂਪ ਨਾਲ ਪ੍ਰਬੰਧਿਤ ਵਿਕਾਸ ਵਿੱਤੀ ਸੰਸਥਾ ਇਨਫ੍ਰਾਸਟ੍ਰਕਚਰ ਵਿੱਤ ਪੋਸ਼ਣ ਦੇ ਲਈ ਇੱਕ ਪ੍ਰਦਾਤਾ, ਸਮਰਥਨਕਾਰੀ ਅਤੇ ਉਤਪ੍ਰੇਰਕ ਦੇ ਰੂਪ ਵਿੱਚ ਕਾਰਜ ਕਰਨ ਦੇ ਲਈ ਜ਼ਰੂਰੀ ਹੈ। ਇਸ ਅਨੁਸਾਰ, ਮੈਂ ਡੀਐੱਫਆਈ ਸਥਾਪਿਤ ਕਰਨ ਦੇ ਲਈ ਇੱਕ ਬਿਲ ਪੇਸ਼ ਕਰਾਂਗੀ। ਮੈਂ ਇਸ ਸੰਸਥਾ ਦੇ ਪੂੰਜੀਕਰਨ ਦੇ ਲਈ 20 ਹਜ਼ਾਰ ਕਰੋੜ ਰੁਪਏ ਦੀ ਧਨਰਾਸ਼ੀ ਮੁਹੱਈਆ ਕੀਤੀ ਹੈ। ਇਰਾਦਾ ਇਹ ਹੈ ਕਿ ਇਸ ਡੀਐੱਫਆਈ ਦੇ ਲਈ ਤਿੰਨ ਵਰ੍ਹਿਆਂ ਦੇ ਸਮੇਂ ਵਿੱਚ ਘੱਟ ਤੋਂ ਘੱਟ 5 ਲੱਖ ਕਰੋੜ ਰੁਪਏ ਦਾ ਉਧਾਰੀ ਪੋਰਟਫੋਲੀਓ ਹੋਵੇ।

43. ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ ਦੁਆਰਾ ਆਈਐੱਨਵੀਆਈਟੀ ਅਤੇ ਆਰਈਆਈਟੀ ਦਾ ਕਰਜ਼ਾ ਵਿੱਤਪੋਸ਼ਣ ਸੰਗਤ ਵਿਧਾਨਾਂ ਵਿੱਚ ਉਪਯੁਕਤ ਸੰਸ਼ੋਧਨ ਕਰਕੇ ਪੂਰਾ ਕੀਤਾ ਜਾਵੇਗਾ। ਇਸ ਨਾਲ ਆਈਐੱਨਵੀਆਈਟੀ ਅਤੇ ਆਰਈਆਈਟੀ ਦੇ ਲਈ ਵਿੱਤ ਦੀ ਪਹੁੰਚ ਹੋਰ ਅਸਾਨ ਹੋਵੇਗੀ ਜਿਸ ਦੇ ਨਤੀਜੇ ਸਦਕਾ ਇਨਫ੍ਰਾਸਟ੍ਰਕਚਰ ਅਤੇ ਰੀਅਲ ਐਸਟੇਟ ਸੈਕਟਰਾਂ ਦੇ ਲਈ ਨਿਧੀਆਂ ਵਿੱਚ ਵਾਧਾ ਹੋਵੇਗਾ।

**ਸੰਪਤੀ ਦਾ ਮੁਦਰੀਕਰਨ**

44. ਪ੍ਰਚਾਲਿਤ ਜਨਤਕ ਇਨਫ੍ਰਾਸਟ੍ਰਕਚਰ ਸੰਪਤੀਆਂ ਦਾ ਮੁਦਰੀਕਰਨ ਨਵੇਂ ਇਨਫ੍ਰਾਸਟ੍ਰਕਚਰ ਨਿਰਮਾਣ ਦੇ ਲਈ ਬਹੁਤ ਮਹੱਤਵਪੂਰਨ ਵਿੱਤਪੋਸ਼ਣ ਵਿਕਲਪ ਹੈ। ਸੰਭਾਵਿਤ ਬ੍ਰਾਉਨਫੀਲਡ ਇਨਫ੍ਰਾਸਟ੍ਰਕਚਰ ਸੰਪਤੀਆਂ ਦੀ ਇੱਕ "ਰਾਸ਼ਟਰੀ ਮੁਦਰੀਕਰਨ ਪਾਈਪਲਾਈਨ" ਲਾਂਚ ਕੀਤੀ ਜਾਵੇਗੀ। ਇੱਕ ਸੰਪਤੀ ਮੁਦਰੀਕਰਨ ਡੈਸ਼ਬੋਰਡ ਬਣਾਇਆ ਜਾਵੇਗਾ, ਜੋ ਕਾਰਜ ਦੀ ਪ੍ਰਗਤੀ ਨੂੰ ਟ੍ਰੈਕ ਕਰੇਗਾ ਅਤੇ ਨਿਵੇਸ਼ਕਾਂ ਨੂੰ ਇਸ ਨੂੰ ਦੇਖਣ ਦੀ ਸੁਵਿਧਾ ਹੋਵੇਗੀ। ਮੁਦਰੀਕਰਨ ਦੀ ਦਿਸ਼ਾ ਵਿੱਚ ਕੁਝ ਮਹੱਤਵਪੂਰਨ ਉਪਾਅ ਨਿਮਨ ਲਿਖਤ ਹਨ:

(ੳ) ਨੈਸ਼ਨਲ ਹਾਈਵੇ ਅਥਾਰਿਟੀ ਆਵ੍ ਇੰਡੀਆ ਅਤੇ ਪੀਜੀਸੀਆਈਐੱਲ ਵਿੱਚੋਂ ਹਰੇਕ ਨੇ ਇੱਕ ਆਈਐੱਨਵੀਆਈਟੀ ਪ੍ਰਾਯੋਜਿਤ ਕੀਤੀ ਹੈ ਜੋ ਅੰਤਰਰਾਸ਼ਟਰੀ ਤੇ ਘਰੇਲੂ ਸੰਸਥਾਗਤ ਨਿਵੇਸ਼ਕਾਂ ਨੂੰ ਆਕਰਸ਼ਿਤ ਕਰੇਗੀ। 5000 ਕਰੋੜ ਰੁਪਏ ਦੇ ਅਨੁਮਾਨਿਤ ਉੱਦਮ ਮੁੱਲ ਦੇ ਨਾਲ ਸੰਚਾਲਿਤ ਪੰਜ ਸੜਕਾਂ ਐੱਨਐੱਚਆਈ ਆਈਐੱਨਵੀਆਈਟੀ ਨੂੰ ਟ੍ਰਾਂਸਫਰ ਕੀਤੀ

ਜਾ ਰਹੀ ਹੈ। ਇਸੇ ਤਰ੍ਹਾਂ 7 ਹਜ਼ਾਰ ਕਰੋੜ ਰੁਪਏ ਮੁੱਲ ਦੀ ਟ੍ਰਾਂਸਮਿਸ਼ਨ ਸੰਪਤੀਆਂ ਪੀਜੀਸੀਆਈਐੱਲ ਆਈਐੱਨਵੀਆਈਟੀ ਨੂੰ ਟ੍ਰਾਂਸਫਰ ਕੀਤੀਆਂ ਜਾਣਗੀਆਂ।

(ਅ) ਰੇਲਵੇ ਸਮਰਪਿਤ ਭਾੜਾ ਕੋਰੀਡੋਰ ਸੰਪਤੀਆਂ ਨੂੰ, ਚਾਲੂ ਹੋਣ ਦੇ ਬਾਅਦ ਸੰਚਾਲਨ ਅਤੇ ਰੱਖ-ਰਖਾਅ ਦੇ ਲਈ ਮੁਦ੍ਰੀਕ੍ਰਿਤ ਕਰੇਗਾ।

(ਇ) ਏਅਰ ਪੋਰਟਸ ਦੀ ਆਗਾਮੀ ਖੇਪ ਪ੍ਰਚਾਲਨਾਂ ਅਤੇ ਪ੍ਰਬੰਧਨ ਰਿਆਇਤ ਦੇ ਲਈ ਮੁਦ੍ਰੀਕ੍ਰਿਤ ਕੀਤਾ ਜਾਵੇਗਾ।

(ਸ) ਹੋਰ ਪ੍ਰਮੁੱਖ ਇਨਫ੍ਰਾਸਟ੍ਰਕਚਰ ਸੰਪਤੀਆਂ ਜੋ ਮੁਦਰੀਕਰਨ ਪ੍ਰੋਗਰਾਮ ਦੇ ਅੰਤਰਗਤ ਰੋਲ ਆਉਟ ਕੀਤੀ ਜਾਣਗੀਆਂ, ਉਹ ਹਨ:

i (ਐੱਨਐੱਚਏਆਈ ਪ੍ਰਚਾਲਨਾਤਮਕ ਟੋਲ ਰੋਡ) ii (ਪੀਜੀਸੀਆਈਐੱਲ ਦੀਆਂ ਟ੍ਰਾਂਸਮਿਸ਼ਨ ਸੰਪਤੀਆਂ) iii (ਗੇਲ, ਆਈਓਸੀਐੱਲ ਤੇ ਐੱਚਪੀਸੀਐੱਲ ਦਾ ਤੇਲ ਅਤੇ ਗੈਸ ਪਾਈਪਲਾਈਨਾਂ) iv (ਟਾਇਰ II ਅਤੇ III ਸ਼ਹਿਰਾਂ ਵਿੱਚ ਏਏਆਈ ਏਅਰ ਪੋਰਟ) v (ਹੋਰ ਰੇਲਵੇ ਇਨਫ੍ਰਾਸਟ੍ਰਕਚਰ ਸੰਪਤੀਆਂ) vi (ਕੇਂਦਰੀ ਵੇਅਰਹਾਉਸਿੰਗ ਨਿਗਮ ਜਿਹੇ ਲੋਕ ਉੱਦਮ ਵੇਅਰਹਾਉਸਿੰਗ ਸੰਪਤੀਆਂ ਤੇ ਨੈਫੇਡ, ਆਦਿ) ਅਤੇ vii (ਖੇਲ ਸਟੇਡੀਅਮ)

45. ਬਜਟ ਅਨੁਮਾਨ 2020-21 ਵਿੱਚ, ਅਸੀਂ ਪੂੰਜੀਗਤ ਵਪਾਰ ਦੇ ਲਈ 4.12 ਲੱਖ ਕਰੋੜ ਰੁਪਏ ਪ੍ਰਦਾਨ ਕੀਤੇ ਸਨ। ਸਾਡਾ ਇਹ ਪ੍ਰਯਤਨ ਸੀ ਕਿ ਸੰਸਾਧਨਾਂ ਦੀ ਕਮੀ ਦੇ ਬਾਵਜੂਦ ਸਾਨੂੰ ਪੂੰਜੀ 'ਤੇ ਅਪੇਕਸ਼ਾਕ੍ਰਿਤ ਅਧਿਕ ਖਰਚ ਕਰਨਾ ਚਾਹੀਦਾ ਹੈ ਅਤੇ ਅਸੀਂ ਸਾਲ ਦੇ ਅੰਤ ਤੱਕ ਲਗਭਗ 4.39 ਲੱਖ ਕਰੋੜ ਰੁਪਏ ਖਰਚ ਕਰਨ ਦੀ ਉਮੀਦ ਰੱਖਦੇ ਹਾਂ, ਜਿਸ ਨੂੰ ਮੈਂ ਸੰਸ਼ੋਧਿਤ ਅਨੁਮਾਨ 2020-21 ਵਿੱਚ ਪ੍ਰਦਾਨ ਕੀਤਾ ਹੈ। 2021-22 ਦੇ ਲਈ, ਮੈਂ ਪੂੰਜੀਗਤ ਵਪਾਰ ਵਿੱਚ ਤੇਜ਼ ਵਾਧੇ ਦਾ ਪ੍ਰਸਤਾਵ ਕਰਦੀ ਹਾਂ ਅਤੇ ਇਸ ਪ੍ਰਕਾਰ 5.54 ਲੱਖ ਕਰੋੜ ਰੁਪਏ ਪ੍ਰਦਾਨ ਕੀਤੇ ਹਨ ਜੋ 2020-21 ਦੇ ਬਜਟ ਅਨੁਮਾਨ ਨਾਲ 34.5 ਪ੍ਰਤੀਸ਼ਤ ਅਧਿਕ ਹੈ, ਇਸ ਦਾ ਮੈਂ ਪ੍ਰੋਜੈਕਟਾਂ/ਪ੍ਰੋਗਰਾਮਾਂ/ਵਿਭਾਗਾਂ ਦੇ ਲਈ ਪ੍ਰਦਾਨ ਕੀਤੇ ਜਾਣ ਵਾਲੇ ਆਰਥਕ ਕਾਰਜ ਵਿਭਾਗ ਦੇ ਬਜਟ ਹੈੱਡ ਵਿੱਚ 44 ਹਜ਼ਾਰ ਕਰੋੜ ਰੁਪਏ ਤੋਂ ਅਧਿਕ ਰਾਸ਼ੀ ਰੱਖੀ ਹੈ ਜੋ ਪੂੰਜੀਗਤ ਖਰਚ 'ਤੇ ਚੰਗੀ ਪ੍ਰਗਤੀ ਦਰਸਾਉਂਦੀ ਹੈ ਤੇ ਹੋਰ ਫੰਡਾਂ ਦੀ ਜ਼ਰੂਰਤ ਹੈ। ਇਸ ਖਰਚ ਦੇ ਅਤਿਰਿਕਤ, ਅਸੀਂ ਰਾਜਾਂ ਅਤੇ ਖੁਦਮੁਖਤਿਆਰ ਉੱਦਮਾਂ ਨੂੰ ਉਨ੍ਹਾਂ ਦੇ ਪੂੰਜੀਗਤ ਖਰਚ ਦੇ ਲਈ 2 ਲੱਖ ਕਰੋੜ ਰੁਪਏ ਤੋਂ ਅਧਿਕ ਦੀ ਰਕਮ ਵੀ ਪ੍ਰਦਾਨ ਕਰਾਂਗੇ।

46. ਅਸੀਂ ਇਨਫ੍ਰਾਸਟ੍ਰਕਚਰ ਦੇ ਸਿਰਜਣ 'ਤੇ ਆਪਣੇ ਬਜਟ ਵਿੱਚ ਅਧਿਕ ਖਰਚ ਕਰਨ ਦੇ ਲਈ ਰਾਜਾਂ ਨੂੰ ਪ੍ਰੇਰਿਤ ਕਰਨ ਦੇ ਲਈ ਵਿਸ਼ਿਸ਼ਟ ਤੰਤਰ ਵੀ ਤਿਆਰ ਕਰਾਂਗੇ।

**ਸੜਕ ਅਤੇ ਰਾਜਮਾਰਗ ਇਨਫ੍ਰਾਸਟ੍ਰਕਚਰ**

47. 3.3 ਲੱਖ ਕਰੋੜ ਰੁਪਏ ਦੀ ਲਾਗਤ ਨਾਲ 13,000 ਕਿਲੋਮੀਟਰ ਤੋਂ ਅਧਿਕ ਲੰਬਾਈ ਦੇ ਸੜਕਾਂ ਦੇ ਭਾਰਤ ਮਾਲਾ ਪ੍ਰੋਜੈਕਟ ਦੇ ਅੰਤਰਗਤ 5.35 ਲੱਖ ਕਰੋੜ ਰੁਪਏ ਦਾ ਠੇਕਾ ਪਹਿਲੇ ਹੀ ਦੇ ਦਿੱਤਾ ਗਿਆ ਹੈ ਜਿਸ ਦਾ 3,800 ਕਿਲੋਮੀਟਰ ਭਾਗ ਨਿਰਮਿਤ ਹੋ ਗਿਆ ਹੈ। ਮਾਰਚ 2022 ਤੱਕ, ਅਸੀਂ ਦੂਸਰੇ 8,500 ਕਿਲੋਮੀਟਰ ਦਾ ਠੇਕਾ ਦੇਵਾਂਗੇ ਅਤੇ ਰਾਸ਼ਟਰੀ ਰਾਜਮਾਰਗ ਗਲਿਯਾਰਿਆਂ ਦੇ 11 ਹਜ਼ਾਰ ਕਿਲੋਮੀਟਰ ਨੂੰ ਪੂਰਾ ਕਰਾਂਗੇ।

48.. ਸੜਕ ਇਨਫ੍ਰਾਸਟ੍ਰਕਚਰ ਨੂੰ ਹੋਰ ਵਧਾਉਣ ਦੇ ਲਈ, ਹੋਰ ਅਧਿਕ ਆਰਥਕ ਕੋਰੀਡੋਰ ਦੀ ਵੀ ਯੋਜਨਾ ਬਣਾਈ ਜਾ ਰਹੀ ਹੈ। ਕੁਝ ਇਸ ਪ੍ਰਕਾਰ ਹੈ -

ੳ. 1.03 ਲੱਖ ਕਰੋੜ ਰੁਪਏ ਦੇ ਨਿਵੇਸ਼ ਨਾਲ ਤਮਿਲਨਾਡੂ ਰਾਜ ਵਿੱਚ 3500 ਕਿਲੋਮੀਟਰ ਦੇ ਰਾਸ਼ਟਰੀ ਰਾਜਮਾਰਗ ਨਿਰਮਾਣ ਕਾਰਜ। ਇਨ੍ਹਾਂ ਵਿੱਚ ਮਦੁਰੈ – ਕੋਲੱਮ ਕੋਰੀਡੋਰ, ਚਿਤੂਰ-ਥੈਯਚੂਰ ਕੋਰੀਡੋਰ ਸ਼ਾਮਲ ਹਨ। ਨਿਰਮਾਣ ਕਾਰਜ ਆਗਾਮੀ ਵਰ੍ਹੇ ਵਿੱਚ ਆਰੰਭ ਹੋਵੇਗਾ।

ਅ. ਕੇਰਲ ਵਿੱਚ ਮੁੰਬਈ-ਕੰਨਿਆਕੁਮਾਰੀ ਕੋਰੀਡੋਰ ਦੇ 600 ਕਿਲੋਮੀਟਰ ਸੈਕਸ਼ਨ ਸਹਿਤ 65000 ਕਰੋੜ ਰੁਪਏ ਦੇ ਨਿਵੇਸ਼ ਨਾਲ ਕੇਰਲ ਰਾਜ ਵਿੱਚ 1100 ਕਿਲੋਮੀਟਰ ਰਾਸ਼ਟਰੀ ਰਾਜਮਾਰਗ ਦਾ ਨਿਰਮਾਣ ਕਾਰਜ

ੲ. ਮੌਜੂਦਾ ਸੜਕ – ਕੋਲਕਤਾ- ਸਿਲੀਗੁੜੀ ਵਿੱਚ ਸੁਧਾਰ ਸਹਿਤ 25,000 ਕਰੋੜ ਰੁਪਏ ਦੀ ਲਾਗਤ ਨਾਲ ਪੱਛਮ ਬੰਗਾਲ ਰਾਜ ਵਿੱਚ 6,75 ਕਿਲੋਮੀਟਰ ਰਾਜਮਾਰਗ ਦਾ ਨਿਰਮਾਣ ਕਾਰਜ।

ਸ. ਅਸਮ ਰਾਜ ਵਿੱਚ ਇਸ ਸਮੇਂ ਲਗਭਗ 19,000 ਹਜ਼ਾਰ ਕਰੋੜ ਰੁਪਏ ਦੇ ਰਾਸ਼ਟਰੀ ਰਾਜਮਾਰਗ ਨਿਰਮਾਣ ਕਾਰਜ ਚਲ ਰਹੇ ਹਨ। ਇਸ ਦੇ ਅਤਿਰਿਕਤ ਰਾਸ਼ਟਰੀ ਰਾਜਮਾਰਗਾਂ ਦੇ 1300 ਕਿਲੋਮੀਟਰ ਤੋਂ ਅਧਿਕ ਨੂੰ ਕਵਰ ਕਰਦੇ ਹੋਏ 34,000 ਕਰੋੜ ਰੁਪਏ ਤੋਂ ਅਧਿਕ ਦੇ ਨਿਰਮਾਣ ਕਾਰਜ ਆਗਾਮੀ ਤਿੰਨ ਵਰ੍ਹਿਆਂ ਵਿੱਚ ਰਾਜ ਵਿੱਚ ਨਿਸ਼ਪਾਦਤ ਕੀਤੇ ਜਾਣਗੇ

49. ਕੁਝ ਫਲੈਗਸ਼ਿਪ ਕੋਰੀਡੋਰ ਅਤੇ ਹੋਰ ਮਹੱਤਵਪੂਰਨ ਪ੍ਰੋਜੈਕਟਾਂ ਜਿਨ੍ਹਾਂ ਵਿੱਚ 2021-22 ਵਿੱਚ ਲੋੜੀਂਦਾ ਕਾਰਜਕਲਾਪ ਦਿਖਾਈ ਦੇਣਗੇ ਅਨੁਬੰਧ II ਵਿੱਚ ਦਿੱਤੇ ਗਏ ਹਨ।

50. ਮੈਂ ਸੜਕ ਪਰਿਵਹਨ ਅਤੇ ਰਾਜਮਾਰਗ ਮੰਤਰਾਲੇ ਦੇ 1,18,101 ਕਰੋੜ ਰੁਪਏ ਦਾ ਵਧਿਆ ਹੋਇਆ ਖਰਚ ਅਨੁਮਾਨ ਵੀ ਪ੍ਰਦਾਨ ਕਰ ਰਹੀ ਹਾਂ ਜਿਸ ਵਿੱਚ ਪੂੰਜੀ ਦੇ ਲਈ 1,08,230 ਕਰੋੜ ਰੁਪਏ ਹਨ ਜੋ ਹੁਣ ਤੱਕ ਦਾ ਸਭ ਤੋਂ ਅਧਿਕ ਹੈ।

**ਰੇਲਵੇ ਇਨਫ੍ਰਾਸਟ੍ਰਕਚਰ**

51. ਭਾਰਤੀ ਰੇਲਵੇ ਨੇ ਭਾਰਤ ਦੇ ਲਈ ਇੱਕ ਰਾਸ਼ਟਰੀ ਰੇਲ ਯੋਜਨਾ 2030 – ਤਿਆਰ ਕੀਤੀ ਹੈ। ਇਸ ਯੋਜਨਾ ਨੂੰ 2030 ਤੱਕ * ਭਵਿੱਖ ਦੇ ਲਈ ਤਿਆਰ * ਰੇਲਵੇ ਤੰਤਰ ਸੁਰਜੀਤ ਕਰਨਾ ਹੈ।

52. ਸਾਡੇ ਉਦਯੋਗਾਂ ਦੇ ਲਈ ਪਰਿਵਹਨ ਲਾਗਤ ਨੂੰ ਘੱਟ ਕਰਨਾ *ਮੇਕ ਇਨ ਇੰਡੀਆ* ਨੂੰ ਸਮਰਥ ਬਣਾਉਣ ਦੇ ਲਈ ਸਾਡੀ ਰਣਨੀਤੀ ਦਾ ਮੁੱਖ ਬਿੰਦੂ ਹੈ। ਇਹ ਸੰਭਾਵਨਾ ਹੈ ਕਿ ਪੱਛਮੀ ਸਮਰਪਿਤ ਭਾੜਾ ਕੋਰੀਡੋਰ (ਡੀਐੱਫਸੀ) ਅਤੇ ਪੂਰਬੀ ਡੀਐੱਫਸੀ ਜੂਨ 2022 ਤੱਕ ਚਾਲੂ ਹੋ ਜਾਵੇਗਾ। ਨਿਮਨ ਲਿਖਿਤ ਅਤਿਰਿਕਤ ਪਹਿਲ ਪ੍ਰਸਤਾਵਿਤ ਹਨ।

ੳ. 2021-22 ਵਿੱਚ ਪੂਰਬੀ ਡੀਐੱਫਸੀ **ਦਾ** ਸੋਨਨਗਰ – ਗੋਮੋ ਖੰਡ (263.7) ਕਿਲੋਮੀਟਰ ਪੀਪੀਪੀ ਮੋਡ ਵਿੱਚ ਸ਼ੁਰੂ ਕੀਤਾ ਜਾਵੇਗਾ। 274.3 ਕਿਲੋਮੀਟਰ ਦਾ ਗੋਮੋ-ਦਾਨਕੁਨੀ ਖੰਡ ਵੀ ਇਸ ਦੇ ਤਤਕਾਲ ਬਾਅਦ ਸ਼ੁਰੂ ਕੀਤਾ ਜਾਵੇਗਾ।

ਅ. ਅਸੀਂ ਭਾਵੀ ਸਮਰਪਿਤ ਭਾੜਾ ਕੋਰੀਡੋਰ ਪ੍ਰੋਜੈਕਟਾਂ ਨੂੰ ਨਿਸ਼ਪਾਦਿਤ ਕਰਨਗੇ ਨਾਮਤ: ਖੜਗਪੁਰ ਤੋਂ ਵਿਜੈਵਾੜਾ ਤੱਕ ਪੂਰਬੀ ਤੱਟ ਕੋਰੀਡੋਰ, ਭੁਸਾਵਲ ਨਾਲ ਖੜਗਪੁਰ ਤੋਂ ਦਾਨਕੁਨੀ ਤੱਕ ਪੂਰਬੀ ਪੱਛਮੀ ਕੋਰੀਡੋਰ ਅਤੇ ਇਟਾਰਸੀ ਤੋਂ ਵਿਜੈਵਾੜਾ ਤੱਕ ਉੱਤਰ ਦੱਖਣ ਕੋਰੀਡੋਰ। ਪ੍ਰਥਮ ਪੜਾਵ ਵਿੱਚ ਵਿਸਤ੍ਰਿਤ ਪ੍ਰੋਜੈਕਟ ਰਿਪੋਰਟਾਂ ਤਿਆਰ ਕੀਤੀਆਂ ਜਾਣਗੀਆਂ।

ੲ. ਬਿਜਲੀਕਰਨ ਬ੍ਰੋਡਗੇਜ ਰੂਟ ਕਿਲੋਮੀਟਰ (ਆਰਕੇਐੱਮ) ਦੇ 46,000 ਆਰਕੇਐੱਮ ਅਰਥਾਤ 1 ਅਕਤੂਬਰ 2020 ਨੂੰ 41,548 ਆਰਕੇਐੱਮ ਨਾਲ 2021 ਦੇ ਅੰਤ ਤੱਕ 72 ਪ੍ਰਤੀਸ਼ਤ ਵਿਸਤਾਰ ਤੱਕ ਕਰਨ ਦੀ ਸੰਭਾਵਨਾ ਹੈ। ਬ੍ਰਾਡਗੇਜ ਰੂਟਾਂ ਦਾ 100 ਪ੍ਰਤੀਸ਼ਤ ਬਿਜਲੀਕਰਨ ਦਸੰਬਰ 2023 ਤੱਕ ਪੂਰਾ ਹੋ ਜਾਵੇਗਾ।

53. ਯਾਤਰੀ ਸੁਵਿਧਾ ਅਤੇ ਸੁਰੱਖਿਆ ਦੇ ਲਈ ਨਿਮਨਲਿਖਤ ਉਪਾਅ ਪ੍ਰਸਤਾਵਿਤ ਹਨ -

ੳ. ਅਸੀਂ ਯਾਤਰੀਆਂ ਦੇ ਲਈ ਇੱਕ ਬਿਹਤਰ ਯਾਤਰਾ ਅਨੁਭਵ ਪ੍ਰਦਾਨ ਕਰਨ ਦੇ ਲਈ ਟੂਰਿਸਟ ਰੂਟਾਂ 'ਤੇ ਖੂਬਸੂਰਤੀ ਨਾਲ ਡਿਜ਼ਾਈਨ ਕੀਤੇ ਗਏ ਬਿਸਟਾਡੋਮ ਐੱਲਐੱਚਬੀ ਕੋਟ ਆਰੰਭ ਕਰਨਗੇ।

ਅ. ਪਿਛਲੇ ਕੁਝ ਵਰ੍ਹਿਆਂ ਵਿੱਚ ਕੀਤੇ ਗਏ ਸੁਰੱਖਿਆ ਉਪਾਵਾਂ ਦੇ ਪਰਿਣਾਮ ਪ੍ਰਾਪਤ ਹੋਏ ਹਨ। ਇਸ ਪ੍ਰਯਤਨ ਨੂੰ ਹੋਰ ਮਜਬੂਤ ਕਰਨ ਦੇ ਲਈ, ਭਾਰਤੀ ਰੇਲਵੇ ਦੇ ਉੱਚ ਘਣਤਾ ਵਾਲੇ ਨੈੱਟਵਰਕ ਅਤੇ ਅਧਿਕਤਰ ਉਪਯੋਗ ਕੀਤੇ ਗਏ ਨੈੱਟਵਰਕ ਰੂਟਾਂ ਨੂੰ ਦੇਸੀ ਰੂਪ ਨਾਲ ਵਿਕਸਿਤ ਸਵਚਾਲਿਤ ਟ੍ਰੇਨ ਸੰਰੱਖਿਅਣ ਪ੍ਰਣਾਲੀ ਪ੍ਰਦਾਨ ਕੀਤੀ ਜਾਵੇਗੀ ਜੋ ਮਾਨਵੀ ਤਰੁਟੀ ਦੇ ਕਾਰਨ ਟ੍ਰੇਨ ਟਕਰਾਉਣ ਨੂੰ ਸਮਾਪਤ ਕਰੇਗੀ।

ੲ. ਮੈਂ ਰੇਲਵੇ ਦੇ ਲਈ 1,10,055 ਕਰੋੜ ਰੁਪਏ ਦੀ ਇੱਕ ਰਿਕਾਰਡ ਰਕਮ ਪ੍ਰਦਾਨ ਕਰ ਰਹੀ ਹਾਂ ਜਿਸ ਵਿੱਚ 1,07,100 ਰੁਪਏ ਪੂੰਜੀਗਤ ਵਪਾਰ ਦੇ ਲਈ ਹੈ।

**ਸ਼ਹਿਰੀ ਇਨਫ੍ਰਾਸਟ੍ਰਕਚਰ**

54. ਅਸੀਂ ਮੈਟ੍ਰੋ ਰੇਲ ਨੈੱਟਵਰਕ ਦੇ ਵਿਸਤਾਰ ਅਤੇ ਸਿਟੀ ਬਸ ਸੇਵਾ ਦੇ ਵਾਧੇ ਦੇ ਮਾਧਿਅਮ ਨਾਲ ਪਬਲਿਕ ਟਰਾਂਸਪੋਰਟ ਦੇ ਹਿੱਸੇ ਨੂੰ ਵਧਾਉਣ ਦੇ ਲਈ ਕਾਰਜ ਕਰਨਗੇ। ਪਬਲਿਕ ਬਸ ਟਰਾਂਸਪੋਰਟ ਸੇਵਾਵਾਂ ਦੇ ਵਾਧੇ ਦੇ ਸਮਰਥਨ ਦੇ ਲਈ 18,000 ਕਰੋੜ ਰੁਪਏ ਦੀ ਲਾਗਤ 'ਤੇ ਇੱਕ ਨਵੀਂ ਯੋਜਨਾ ਲਾਂਚ ਕਰਨਗੀਆਂ। ਇਹ ਯੋਜਨਾ 20,000 ਤੋਂ ਅਧਿਕ ਬੱਸਾਂ ਦੇ ਲਈ ਵਿੱਤ, ਅਧਿਗ੍ਰਹਿਣ, ਸੰਚਾਲਨ ਅਤੇ ਰੱਖ-ਰਖਾਅ ਦੇ ਲਈ ਨਿਜੀ ਖੇਤਰ ਦੇ ਪਲੇਯਰਾਂ ਨੂੰ ਸਮਰੱਥ ਬਣਾਉਣ ਦੇ ਲਈ ਨਵਪ੍ਰਵਰਤਨਕਾਰੀ ਪੀਪੀਪੀ ਮਾਡਲਾਂ ਦੀ ਤੈਨਾਤੀ ਦੇ ਯੋਗ ਬਣਾਵੇਗੀ। ਇਹ ਯੋਜਨਾ ਆਟੋਮੋਬਾਈਲ ਸੈਕਟਰ ਦਾ ਵਿਕਾਸ ਕਰੇਗੀ, ਆਰਥਿਕ ਸਮ੍ਰਿੱਧੀ ਵਿੱਚ ਤੇਜ਼ੀ ਲਿਆਵੇਗੀ, ਸਾਡੇ ਯੁਵਾਵਾਂ ਦੇ ਲਈ ਰੋਜ਼ਗਾਰ ਅਵਸਰ ਸੁਰਜੀਤ ਕਰੇਗੀ ਅਤੇ ਸ਼ਹਿਰੀ ਨਿਵਾਸੀਆਂ ਦੇ ਆਵਾਗਮਨ ਦੀ ਸੁਵਿਧਾ ਨੂੰ ਵਧਾਵੇਗੀ।

55. ਕੁੱਲ੍ਹ 702 ਕਿਲੋਮੀਟਰ ਪਰੰਪਰਾਗਤ ਮੈਟ੍ਰੋ ਪ੍ਰਚਾਲਨ ਵਿੱਚ ਹਨ ਤੇ ਅਤੇ 1,016 ਕਿਲੋਮੀਟਰ ਮੈਟ੍ਰੋ ਅਤੇ ਆਰਆਰਟੀਐੱਸ 27 ਸ਼ਹਿਰਾਂ ਵਿੱਚ ਨਿਰਮਾਣ ਅਧੀਨ ਹੈ। ਦੋ ਨਵੀਆਂ ਟੈਕਨੋਲੋਜੀਆਂ ਅਰਥਾਤ ' ਮੈਟ੍ਰੋਲਾਈਟ' ਅਤੇ ' ਮੈਟ੍ਰੋਨਿਯੋ' ਸਮਾਨ ਅਨੁਭਵ, ਸੁਵਿਧਾ ਦੇ ਨਾਲ ਅਪੇਕਸ਼ਾਕ੍ਰਿਤ ਘੱਟ ਲਾਗਤ 'ਤੇ ਮੈਟ੍ਰੋ ਰੇਲ ਤੰਤਰ ਪ੍ਰਦਾਨ ਕਰਨ ਦੇ ਲਈ ਤੇ ਟਾਇਰ 2- ਸ਼ਹਿਰਾਂ ਵਿੱਚ ਸੁਰੱਖਿਆ ਤੇ ਟਾਇਰ 1- ਸ਼ਹਿਰਾਂ ਦੇ ਪਰਿਧਿ ਖੇਤਰਾਂ ਵਿੱਚ ਤੈਨਾਤ ਕੀਤੀ ਜਾਵੇਗੀ।

56. ਕੇਂਦਰੀ ਹਿੱਸੇ ਦੀ ਧਨਰਾਸ਼ੀ ਨਿਮਨਲਿਖਿਤ ਨੂੰ ਦਿੱਤੀ ਜਾਵੇਗੀ:

ੳ. ਕੋਚਿ ਮੈਟ੍ਰੋ ਰੇਲਵੇ ਫੇਜ਼-II, ਜਿਸ ਦੀ ਲੰਬਾਈ 11. ਕਿਲੋਮੀਟਰ ਅਤੇ ਲਾਗਤ 1957.05 ਕਰੋੜ ਰੁਪਏ ਹੋਵੇਗੀ।

ਅ. ਚੇਨੱਈ ਮੈਟ੍ਰੋ ਰੇਲਵੇ ਫੇਜ਼-II, ਜਿਸ ਦੀ ਲੰਬਾਈ 118.9 ਕਿਲੋਮੀਟਰ ਅਤੇ ਲਾਗਤ 63,246 ਕਰੋੜ ਰੁਪਏ ਹੋਵੇਗੀ।

ੲ. ਬੰਗਲੁਰੂ ਮੈਟ੍ਰੋ ਰੇਲਵੇ ਪ੍ਰੋਜੈਕਟ ਫੇਜ਼-2 ਏ ਅਤੇ 2 ਬੀ, ਜਿਸ ਦੀ ਲੰਬਾਈ 58.19 ਕਿਲੋਮੀਟਰ ਅਤੇ ਲਾਗਤ 14,788 ਕਰੋੜ ਰੁਪਏ ਹੋਵੇਗੀ।

ਸ. ਨਾਗਪੁਰ ਮੈਟ੍ਰੋ ਰੇਲ ਪ੍ਰੋਜੈਕਟ ਫੇਜ਼-II ਅਤੇ ਨਾਸਿਕ ਮੈਟ੍ਰੋ, ਜਿਸ ਦੀ ਲਾਗਤ ਕ੍ਰਮਸ਼: 5,976 ਕਰੋੜ ਰੁਪਏ ਅਤੇ 2,092 ਕਰੋੜ ਰੁਪਏ ਹੋਵੇਗੀ।

**ਬਿਜਲੀ ਇਨਫ੍ਰਾਸਟ੍ਰਕਚਰ**

57. ਪਿਛਲੇ 6 ਵਰ੍ਹਿਆਂ ਵਿੱਚ ਬਿਜਲੀ ਖੇਤਰ ਵਿੱਚ ਕਈ ਸੁਧਾਰ ਅਤੇ ਉਪਲਬਧੀਆਂ ਦੇਖਣ ਵਿੱਚ ਆਈਆਂ ਹਨ ਅਸੀਂ ਸਥਾਪਿਤ ਸਮਰੱਥਾ ਵਿੱਚ 139 ਗੀਗਾ ਵਾਟਸ ਦਾ ਇਜਾਫ਼ਾ ਕੀਤਾ ਹੈ ਅਤੇ 2.8 ਕਰੋੜ ਅਤਿਰਿਕਤ ਘਰਾਂ ਵਿੱਚ ਕਨੈਕਸ਼ਨ ਦਿੱਤੇ ਹਨ ਅਤੇ 1.41 ਲੱਖ ਸਰਕਿਟ ਕਿਲੋਮੀਟਰ ਦੀ ਅਤਿਰਿਕਤ ਟ੍ਰਾਂਸਮਿਸ਼ਨ ਲਾਈਨਸ ਵਧਾਈਆਂ ਹਨ।

58. ਦੇਸ਼ ਭਰ ਵਿੱਚ ਵਿਤਰਣ ਕੰਪਨੀਆਂ ਦਾ ਆਪਣਾ ਏਕਾਧਿਕਾਰ ਰਿਹਾ ਹੈ – ਚਾਹੇ ਉਹ ਸਰਕਾਰੀ ਕੰਪਨੀ ਹੋਵੇ ਜਾਂ ਨਿਜੀ ਕੰਪਨੀ। ਹੁਣ ਸਾਨੂੰ ਮੁਕਾਬਲੇ ਨੂੰ ਵਧਾਉਣ ਦੀ ਜ਼ਰੂਰਤ ਹੈ ਜਿਸ ਨਾਲ ਕਿ ਉਪਭੋਗਤਾਵਾਂ ਨੂੰ ਵਿਕਲਪ ਮਿਲ ਸਕੇ। ਇੱਕ ਅਜਿਹਾ ਫ੍ਰੇਮਵਰਕ ਤਿਆਰ ਕੀਤਾ ਜਾਵੇਗਾ ਜਿਸ ਨਾਲ ਉਪਭੋਗਤਾ ਇੱਕ ਤੋਂ ਅਧਿਕ ਵਿਤਰਣ ਕੰਪਨੀਆਂ ਵਿੱਚ ਆਪਣੀ ਚੋਣ ਕਰਨ ਦਾ ਵਿਕਲਪ ਰੱਖ ਸਕਣਗੇ।

59. ਇਨ੍ਹਾਂ ਵਿਤਰਣ ਕੰਪਨੀਆਂ ਦੀ ਵਿਹਾਰਕਤਾ ਦੇ ਪ੍ਰਤੀ ਬਹੁਤ ਬੜੀ ਚਿੰਤਾ ਹੈ। ਆਉਣ ਵਾਲੇ 5 ਵਰ੍ਹਿਆਂ ਵਿੱਚ 3,05,984 ਕਰੋੜ ਰੁਪਏ ਦੇ ਖਰਚ ਨਾਲ ਇੱਕ ਪਰਿਸ਼ਕ੍ਰਿਤ ਤੇ ਸੁਧਾਰ ਅਧਾਰਿਤ ਤੇ ਪਰਿਣਾਮ ਸਬੰਧ ਬਿਜਲੀ ਵਿਤਰਣ ਖੇਤਰ ਦੀ ਯੋਜਨਾ ਸ਼ੁਰੂ ਕੀਤੀ ਜਾਵੇਗੀ। ਇਸ ਯੋਜਨਾ ਨਾਲ ਡਿਸਕਾਮਸ ਨੂੰ ਬੁਣਿਆਦੀ ਸੰਰਚਨਾਵਾਂ ਨੂੰ ਤਿਆਰ ਕਰਨ ਵਿੱਚ ਸਹਾਇਤਾ ਮਿਲ ਸਕੇਗੀ, ਜਿਸ ਵਿੱਚ ਪ੍ਰੀਪੇਡ ਸਮਾਰਟ ਮੀਟਰਿੰਗ, ਸਿਸਟਮਸ ਦਾ ਸੁਧਾਰ ਆਦਿ ਆਉਂਦੇ ਹਨ, ਜੋ ਕਿ ਵਿੱਤੀ ਸੁਧਾਰ ਨਾਲ ਜੁੜੇ ਹੋਏ ਹਨ।

60. ਪ੍ਰਧਾਨ ਮੰਤਰੀ ਜੀ ਨੇ ਨਵੰਬਰ 2020, ਵਿੱਚ ਤੀਸਰੇ ਰੀ-ਇਨਵੈਸਟਮੈਂਟ ਕਾਨਫਰੰਸ ਵਿੱਚ ਬੋਲਦੇ ਸਮੇਂ ਇੱਕ ਵਿਆਪਕ ਰਾਸ਼ਟਰੀ ਹਾਈਡ੍ਰੋਜਨ ਐਨਰਜੀ ਮਿਸ਼ਨ ਨੂੰ ਸ਼ੁਰੂ ਕਰਨ ਦੀ ਯੋਜਨਾ ਦੀ ਘੋਸ਼ਣਾ ਕੀਤੀ ਸੀ। ਹੁਣ 2021-22 ਵਿੱਚ ਇੱਕ ਹਾਈਡ੍ਰੋਜਨ ਐਨਰਜੀ ਮਿਸ਼ਨ ਸ਼ੁਰੂ ਕਰਨ ਦਾ ਪ੍ਰਸਤਾਵ ਕੀਤਾ ਗਿਆ ਹੈ ਜਿਸ ਦੇ ਤਹਿਤ ਗ੍ਰੀਨ ਪਾਵਰ ਸਰੋਤਾਂ ਨਾਲ ਹਾਈਡ੍ਰੋਜਨ ਨੂੰ ਪੈਦਾ ਕੀਤਾ ਜਾ ਸਕੇਗਾ।

**ਜਲ ਸੰਸਾਧਨ, ਦਰਿਆ ਵਿਕਾਸ ਅਤੇ ਗੰਗਾ ਕਾਇਆ-ਕਲਪ**

61. ਵੱਡੇ-ਵੱਡੇ ਜਲ ਸੰਸਾਧਨ ਜੋ ਕਿ ਆਪਣੀ ਸੰਚਾਲਨ ਸੇਵਾਵਾਂ ਨੂੰ ਖੁਦ ਦੇਖਦੇ ਹਨ ਹੁਣ ਇੱਕ ਅਜਿਹੇ ਮਾਡਲ ਦੇ ਰੂਪ ਵਿੱਚ ਸਾਹਮਣੇ ਆਉਣਗੇ ਜਿਸ ਦਾ ਪ੍ਰਬੰਧਨ ਇਸ ਦੇ ਨਿਜੀ ਭਾਗੀਦਾਰ ਦੁਆਰਾ ਕੀਤਾ ਜਾਂਦਾ ਹੋਵੇਗਾ। ਇਸ ਉੱਦੇਸ਼ ਦੇ ਲਈ ਵਿੱਤੀ

ਵਰ੍ਹੇ 2021-22 ਵਿੱਚ ਸਰਕਾਰੀ ਤੇ ਨਿਜੀ ਭਾਗੀਦਾਰੀ (ਪੀਪੀਪੀ) ਦੇ ਤਹਿਤ ਪ੍ਰਮੁੱਖ ਜਲ ਸੰਸਾਧਨਾਂ ਦੇ ਦੁਆਰਾ 7 ਪ੍ਰੋਜੈਕਟ ਪ੍ਰਸਤਾਵਿਤ ਕੀਤੀਆਂ ਜਾਣਗੀਆਂ ਜਿਨ੍ਹਾਂ ਦੀ ਲਾਗਤ 2,000 ਕਰੋੜ ਰੁਪਏ ਤੋਂ ਅਧਿਕ ਹੋਵੇਗੀ।

62. ਭਾਰਤ ਵਿੱਚ ਮਰਚੈਂਟ ਸ਼ਿਪਸ ਨੂੰ ਹੁਲਾਰਾ ਦੇਣ ਦੀ ਇੱਕ ਯੋਜਨਾ ਸ਼ੁਰੂ ਕੀਤੀ ਜਾਵੇਗੀ ਜਿਸ ਵਿੱਚ ਮੰਤਰਾਲਿਆਂ ਅਤੇ ਸੀਪੀਐੱਸਈ ਦੇ ਦੁਆਰਾ ਜਾਰੀ ਕੀਤੇ ਜਾਣ ਵਾਲੇ ਵਿਸ਼ਵ ਪੱਧਰੀ ਨਿਵਿਦਾਵਾਂ ਵਿੱਚ ਭਾਰਤੀ ਸ਼ਿਪਿੰਗ ਕੰਪਨੀਆਂ ਨੂੰ ਸਬਸਿਡੀ ਦੇ ਮਾਧਿਅਮ ਨਾਲ ਸਹਾਇਤਾ ਦਿੱਤੀ ਜਾ ਸਕੇਗੀ। ਇਸ ਦੇ ਲਈ ਆਉਣ ਵਾਲੇ 5 ਵਰ੍ਹਿਆਂ ਵਿੱਚ 1624 ਕਰੋੜ ਰੁਪਏ ਦੀ ਰਾਸ਼ੀ ਉਪਲਬਧ ਕਰਾਈ ਜਾਵੇਗੀ। ਇਸ ਪ੍ਰਕਾਰ ਦੇ ਪ੍ਰਯਤਨ ਨਾਲ ਗਲੋਬ ਸ਼ਿਪਿੰਗ ਵਿੱਚ ਭਾਰਤੀ ਕੰਪਨੀਆਂ ਦੀ ਹਿੱਸੇਦਾਰੀ ਦੇ ਵਧਣ ਦੇ ਇਲਾਵਾ ਇੰਡੀਅਨ ਸੀਫੇਯਰਰਾਂ ਦੇ ਲਈ ਟਰੇਨਿੰਗ ਅਤੇ ਰੋਜਗਾਰ ਦੇ ਬਿਹਤਰ ਅਵਸਰ ਸੁਲਭ ਹੋ ਸਕਣਗੇ।

63. ਭਾਰਤ ਨੇ ਇੱਕ ਰਿਸਾਈਕਲਿੰਗ ਆਵ੍ ਸ਼ਿਪਸ ਐਕਟ 2019, ਅਧਿਨਿਯਮਿਤ ਕੀਤਾ ਹੈ ਅਤੇ ਹਾਂਗਕਾਂਗ ਇੰਟਰਨੈਸ਼ਨਲ ਕਨਵੈਂਸ਼ਨ ਤੱਕ ਆਪਣੀ ਪਹੁੰਚ ਕਾਇਮ ਕੀਤੀ ਹੈ। ਗੁਜਰਾਤ ਦੇ ਅਲੰਗ ਵਿੱਚ ਸਥਿਤ ਲਗਭਗ 90 ਸ਼ਿਪ ਰਿਸਾਈਕਲਿੰਗ ਯਾਰਡਰਸ ਨੂੰ ਪਹਿਲੇ ਹੀ ਐੱਚਕੇਸੀ- ਅਨੁਪਾਲਨ ਸਰਟੀਫਿਕੇਟ ਪ੍ਰਾਪਤ ਹੋ ਗਿਆ ਹੈ। ਯੂਰੋਪ ਅਤੇ ਜਪਾਨ ਤੋਂ ਹੋਰ ਅਧਿਕ ਜਹਾਜਾਂ ਨੂੰ ਭਾਰਤ ਵਿੱਚ ਲਿਆਉਣ ਦੇ ਲਈ ਪ੍ਰਯਤਨ ਕੀਤੇ ਜਾਣਗੇ। ਰਿਸਾਈਕਲਿੰਗ ਕੈਪੇਸਿਟੀ ਜੋ ਕਿ ਲਗਭਗ 4.5 ਮਿਲੀਅਨ ਲਾਈਟ ਡਿਸਪਲੇਸਮੈਂਟ ਟਨ (ਐੱਲਡੀਟੀ) ਹੈ , ਨੂੰ 2024 ਤੱਕ ਦੋ ਗੁਣਾ ਕਰ ਦਿੱਤਾ ਜਾਵੇਗਾ। ਇਸ ਨਾਲ ਸਾਡੇ ਯੁਵਾਵਾਂ ਦੇ ਲਈ 1.5 ਲੱਖ ਅਧਿਕ ਨੌਕਰੀਆਂ ਦੇ ਪੈਦਾ ਹੋਣ ਦਾ ਅਨੁਮਾਨ ਹੈ।

**ਪੈਟਰੋਲੀਅਮ ਅਤੇ ਕੁਦਰਤੀ ਗੈਸ**

64. ਸਾਡੀ ਸਰਕਾਰ ਨੇ ਕੋਵਿਡ-19 ਲੌਕਡਾਉਨ ਦੀ ਮਿਆਦ ਵਿੱਚ ਵੀ ਦੇਸ਼ਭਰ ਵਿੱਚ ਈਂਧਣ ਦੀ ਆਪੂਰਤੀ ਬਣਾਏ ਰੱਖੀ ਹੈ। ਲੋਕਾਂ ਦੇ ਜੀਵਨ ਵਿੱਚ ਇਸ ਖੇਤਰ ਦੇ ਬਹੁਤ ਮਹੱਤਵਪੂਰਨ ਸਥਿਤੀ ਨੂੰ ਦੇਖਦੇ ਹੋਏ ਨਿਮਨ ਲਿਖਤ ਪ੍ਰਮੁੱਖ ਕਦਮਾਂ ਦੀ ਘੋਸ਼ਣਾ ਕੀਤੀ ਜਾ ਰਹੀ ਹੈ:

> ੳ. ਉੱਜਵਲਾ ਸਕੀਮ, ਜਿਸ ਦਾ ਲਾਭ 8 ਕਰੋੜ ਪਰਿਵਾਰਾਂ ਨੂੰ ਹੋਇਆ ਹੈ, ਦਾ ਇਸ ਹਦ ਤੱਕ ਵਿਸਤਾਰ ਕੀਤਾ ਜਾਵੇਗਾ ਕਿ ਇਸ ਵਿੱਚ 1 ਕਰੋੜ ਅਤੇ ਲਾਭਾਰਥੀ ਸ਼ਾਮਲ ਕੀਤੇ ਜਾ ਸਕਣ।

ਅ. ਅਸੀਂ ਅਗਲੇ 3 ਸਾਲਾਂ ਵਿੱਚ 100 ਹੋਰ ਅਧਿਕ ਜਿਲ੍ਹਿਆਂ ਨੂੰ ਸਿਟੀ ਗੈਸ ਡਿਸਟ੍ਰੀਬਿਊਸ਼ਨ ਨੈੱਟਵਰਕ ਨਾਲ ਜੋੜ ਦੇਵਾਂਗੇ।

ੲ. ਜੰਮੂ ਤੇ ਕਸ਼ਮੀਰ ਸੰਘ ਰਾਜ ਖੇਤਰ ਵਿੱਚ ਇੱਕ ਗੈਸ ਪਾਈਪ ਲਾਈਨ ਪ੍ਰੋਜੈਕਟ ਸ਼ੁਰੂ ਕੀਤੀ ਜਾਵੇਗੀ।

ਸ. ਇੱਕ ਸੁਤੰਤਰ ਗੈਸ ਟਰਾਂਸਪੋਰਟ ਸਿਸਟਮ ਆਪਰੇਟਰ ਦਾ ਗਠਨ ਕੀਤਾ ਜਾਵੇਗਾ ਜਿਸ ਨਾਲ ਬਿਨਾ ਕਿਸੇ ਭੇਦਭਾਵ ਦੇ ਖੁੱਲ੍ਹੀ ਪਹੁੰਚ ਦੇ ਅਧਾਰ 'ਤੇ ਸਾਰੇ ਕੁਦਰਤੀ ਗੈਸ ਪਾਈਪ ਲਾਈਨਾਂ ਦੀ ਕੌਮਨ ਕੈਰੀਯਰ ਕੈਪੇਸਿਟੀ ਦੀ ਬੁਕਿੰਗ ਵਿੱਚ ਸੁਵਿਧਾ ਪ੍ਰਦਾਨ ਕੀਤੀ ਜਾ ਸਕੇਗੀ ਅਤੇ ਆਮ ਸਥਾਪਿਤ ਕੀਤਾ ਜਾ ਸਕੇਗਾ।

**ਵਿੱਤੀ ਪੂੰਜੀ**

65. ਅਸੀਂ ਸੇਬੀ ਐਕਟ, 1992, ਡਿਪਜਿਟ੍ਰੀਜ ਐਕਟ, 1996, ਸਿਕਯੋਰਿਟੀਜ਼ ਕਾਂਟ੍ਰੈਕਟ (ਰੈਗੂਲੇਸ਼ਨ) ਐਕਟ 1956, ਅਤੇ ਗਵਰਨੈਂਟ ਸਿਕਯੋਰਿਟੀਜ਼ ਐਕਟ 2007, ਦੇ ਪ੍ਰਾਵਧਾਨਾਂ ਨੂੰ ਸਮੇਕਿਤ ਕਰਕੇ ਇੱਕ ਯੁਕਤੀਸੰਗਤ ਏਕਲ ਸਿਕਯੋਰਿਟੀਜ਼ ਮਾਰਕੇਟਸ ਕੋਡ ਤਿਆਰ ਕਰ ਸਕੇ, ਅਜਿਹੇ ਮੇਰਾ ਪ੍ਰਸਤਾਵ ਹੈ।

66. ਸਰਕਾਰ ਜੀਆਈਐੱਫਟੀ – ਆਈਐੱਫਐੱਸਸੀ ਵਿੱਚ ਇੱਕ ਵਿਸ਼ਵਪੱਧਰੀ ਜਾਂ ਫਿਨ-ਟੇਕ ਹਬ ਵਿਕਸਿਤ ਕਰਨ ਦੇ ਲਈ ਆਪਣਾ ਸਮਰਥਨ ਦੇਣ ਨੂੰ ਤਿਆਰ ਹੈ।

67. ਇਸ ਦਬਾਵ ਦੇ ਵਕਤ ਵਿੱਚ ਕਾਰਪੋਰੇਟ ਬਾਂਡ ਮਾਰਕਿਟ ਵਿੱਚ ਭਾਗੀਦਾਰਾਂ ਦੇ ਵਿੱਚ ਵਿਸ਼ਵਾਸ ਪੈਦਾ ਕਰਨ ਦੇ ਲਈ ਅਤੇ ਆਮ ਤੌਰ 'ਤੇ ਸੈਕੇਂਡਰੀ ਮਾਰਕਿਟ ਲਿਕਿਊਡਿਟੀ ਨੂੰ ਵਧਾਉਣ ਦੇ ਲਈ ਇੱਕ ਸਥਾਈ ਸੰਸਥਾਗਤ ਫ੍ਰੇਮਵਰਕ ਤਿਆਰ ਕੀਤੇ ਜਾਣ ਦਾ ਪ੍ਰਸਤਾਵ ਹੈ। ਇਸ ਪ੍ਰਸਤਾਵਿਤ ਸੰਚਾਲਨ ਦੇ ਦੁਆਰਾ ਦਬਾਵਯੁਕਤ ਅਤੇ ਆਮ ਸਮੇਂ ਅਰਥਾਤ ਦੋਵਾਂ ਹੀ ਸਥਿਤੀਆਂ ਵਿੱਚ ਨਿਵੇਸ਼ਪਰਕ ਗ੍ਰੇਡ ਦੀ ਕਰਜ਼ਾ ਸਿਕਯੋਰਿਟੀਜ਼ ਦੀ ਖਰੀਦ ਕੀਤੀ ਜਾ ਸਕੇਗੀ ਅਤੇ ਇਸ ਨਾਲ ਬਾਂਡ ਮਾਰਕਿਟ ਦੇ ਵਿਕਾਸ ਵਿੱਚ ਮਦਦ ਮਿਲ ਸਕੇਗੀ।

68. 2018-19 ਦੇ ਬਜਟ ਵਿੱਚ ਸਰਕਾਰ ਨੇ ਦੇਸ਼ ਵਿੱਚ ਸੋਨੇ ਦੇ ਲੈਣ-ਦੇਨ ਨੂੰ ਨਿਯਮਿਤ ਕਰਨ ਦੀ ਇੱਕ ਵਿਵਸਥਾ ਸਥਾਪਿਤ ਕਰਨ ਦੀ ਆਪਣੀ ਮੰਸ਼ਾ ਦੀ ਘੋਸ਼ਣਾ ਕੀਤੀ ਸੀ। ਇਸ ਉਦੇਸ਼ ਦੇ ਲਈ ਸੇਬੀ ਨੂੰ ਇੱਕ ਵਿਨਿਯਾਮਕ ਦੇ ਰੂਪ ਵਿੱਚ ਅਧਿਸੂਚਿਤ ਕੀਤਾ ਜਾਵੇਗਾ ਤੇ ਵੇਅਰ ਹਾਊਸਿੰਗ ਡਿਵੈਲਪਮੈਂਟ ਐਂਡ ਰੈਗੂਲੇਟ੍ਰੀ ਅਥਾਰਿਟੀ ਨੂੰ ਮਜਬੂਤ ਬਣਾਇਆ ਜਾਵੇਗਾ ਜਿਸ ਨਾਲ ਕਿ ਇੱਕ ਕਮੋਡਿਟੀ ਮਾਰਕਿਟ ਈਕੋ ਸਿਸਟਮ ਦੀ ਵਿਵਸਥਾ ਕਾਇਮ ਕੀਤੀ ਜਾ ਸਕੇ ਅਤੇ ਇਸ ਵਿੱਚ ਵੇਅਰਹਾਊਸਿੰਗ ਦੇ ਇਲਾਵਾ ਵਾਉਲਟਿੰਗ, ਜਾਂਚ-ਪਰਖ ਤੇ ਲੌਜਿਸਟਿਕਸ ਆਦਿ ਨੂੰ ਵੀ ਸ਼ਾਮਲ ਕੀਤਾ ਜਾ ਸਕੇ।

69. ਨਿਵੇਸ਼ਕਾਂ ਨੂੰ ਸੰਰਖਿਅਣ ਦੇਣ ਦੀ ਦਿਸ਼ਾ ਵਿੱਚ ਮੇਰਾ ਪ੍ਰਸਤਾਵ ਸਾਰੇ ਵਿੱਤੀ ਉਤਪਾਦਾਂ ਦੇ ਪ੍ਰਤੀ ਸਾਰੇ ਵਿੱਤੀ ਨਿਵੇਸ਼ਕਾਂ ਦੇ ਅਧਿਕਾਰ ਦੇ ਰੂਪ ਵਿੱਚ ਇੱਕ ਇਨਵੈਸਟਰ ਚਾਰਟਰ ਨੂੰ ਲਾਗੂ ਕਰਨ ਦਾ ਹੈ।

70. ਗ਼ੈਰ ਪਰੰਪਰਾਗਤ ਊਰਜਾ ਖੇਤਰ ਨੂੰ ਹੋਰ ਅਧਿਕ ਹੁਲਾਰਾ ਦੇਣ ਦੇ ਲਈ ਮੇਰਾ ਪ੍ਰਸਤਾਵ ਭਾਰਤੀ ਸੌਰ ਊਰਜਾ ਨਿਗਮ ਵਿੱਚ 1,000 ਕਰੋੜ ਰੁਪਏ ਅਤੇ ਭਾਰਤੀ ਨਵਿਆਉਣਯੋਗ ਊਰਜਾ ਵਿਕਾਸ ਏਜੰਸੀ ਵਿੱਚ 1,500 ਕਰੋੜ ਰੁਪਏ ਦੀ ਅਤਿਰਿਕਤ ਪੂੰਜੀ ਨੂੰ ਲਗਾਉਣ ਦਾ ਹੈ।

**ਬੀਮਾ ਖੇਤਰ ਵਿੱਚ ਐੱਫਡੀਆਈ ਨੂੰ ਹੁਲਾਰਾ**

71. ਮੇਰਾ ਪ੍ਰਸਤਾਵ ਬੀਮਾ ਐਕਟ 1938, ਵਿੱਚ ਸੰਸ਼ੋਧਨ ਕੀਤੇ ਜਾਣ ਦਾ ਹੈ ਜਿਸ ਨਾਲ ਕਿ ਇਸ ਦੇ ਲਈ ਬੀਮਾ ਕੰਪਨੀਆਂ ਵਿੱਚ ਪ੍ਰਵਾਨਿਤ ਐੱਫਡੀਆਈ ਸੀਮਾ ਨੂੰ 49 ਪ੍ਰਤੀਸ਼ਤ ਤੋਂ ਵਧਾ ਕੇ 74 ਪ੍ਰਤੀਸ਼ਤ ਕੀਤੀ ਜਾ ਸਕੇ ਅਤੇ ਸੁਰੱਖਿਆ ਉਪਾਵਾਂ ਨੂੰ ਅਪਣਾਉਂਦੇ ਹੋਏ ਵਿਦੇਸ਼ੀ ਸਵਾਮਿਤਵ ਅਤੇ ਨਿਯੰਤਰਣ ਨੂੰ ਪ੍ਰਵਾਨਗੀ ਦਿੱਤੀ ਜਾ ਸਕੇ। ਇਸ ਨਵੀਂ ਸੰਰਚਨਾ ਦੇ ਅੰਤਰਗਤ ਬੋਰਡ ਦੇ ਜ਼ਿਆਦਾਤਰ ਨਿਦੇਸ਼ਕ ਅਤੇ ਪ੍ਰਬੰਧਨ ਨਾਲ ਜੁੜੇ ਪ੍ਰਮੁੱਖ ਵਿਅਕਤੀ ਰੈਜ਼ੀਡੈਂਟ ਇੰਡੀਅਨ ਹੋਣਗੇ ਜਿਨ੍ਹਾਂ ਵਿੱਚ ਘੱਟ ਤੋਂ ਘੱਟ 50 ਪ੍ਰਤੀਸ਼ਤ ਨਿਦੇਸ਼ਕ, ਸੁਤੰਤਰ ਨਿਦੇਸ਼ਕ ਹੋਣਗੇ ਅਤੇ ਲਾਭ ਦਾ ਇੱਕ ਵਿਸ਼ੇਸ਼ ਪ੍ਰਤੀਸ਼ਤ ਸਧਾਰਣ ਰੂਪ ਨਾਲ ਰਾਖਵਾਂ ਰੱਖਿਆ ਜਾਵੇਗਾ।

***ਇੱਕ ਨਵਾਂ ਢਾਂਚਾ ਸਥਾਪਤ ਕਰਕੇ ਸੰਪੱਤੀ ਰੈਜ਼ੋਲੂਸ਼ਨ 'ਤੇ ਜ਼ੋਰ ਦਿੱਤਾ***

1. ਜਨਤਕ ਖੇਤਰ ਦੇ ਬੈਂਕਾਂ ਦੁਆਰਾ ਉਨ੍ਹਾਂ ਦੀਆਂ ਸੰਕਟਗ੍ਰਸਤ ਜਾਇਦਾਦਾਂ ਲਈ ਕੀਤੇ ਜਾਂਦੇ ਉੱਚ ਪੱਧਰੀ ਪ੍ਰਬੰਧ, ਬੈਂਕ ਦੇ ਵਹੀ ਖਾਤਿਆਂ ਵਿੱਚ ਸੁਧਾਰ ਕਰਨ ਦੇ ਉਪਾਵਾਂ ਦੀ ਮੰਗ ਕਰਦੇ ਹਨ। ਮੌਜੂਦਾ ਸੰਕਟਗ੍ਰਸਤ ਕਰਜ਼ੇ ਨੂੰ ਸਮੇਕਿਤ ਕਰਨ ਅਤੇ ਇਸ ਨੂੰ ਸੰਭਾਲਣ ਅਤੇ ਫ਼ਿਰ ਆਲਟਰਨੇਟ ਇਨਵੈਸਟਮੈਂਟ ਫੰਡਾਂ ਅਤੇ ਹੋਰ ਸੰਭਾਵਤ ਨਿਵੇਸ਼ਕਾਂ ਨੂੰ ਅੰਤਮ ਮੁੱਲ ਦੀ ਪ੍ਰਾਪਤੀ ਲਈ ਸੰਪਤੀਆਂ ਦਾ ਪ੍ਰਬੰਧਨ ਅਤੇ ਡਿਸਪੋਜ਼ ਕਰਨ ਲਈ ਇੱਕ ਐਸੇਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ ਅਤੇ ਐਸੇਟ ਮੈਨੇਜਮੈਂਟ ਕੰਪਨੀ ਸਥਾਪਤ ਕੀਤੀ ਜਾਏਗੀ।

***ਪੀਐੱਸਬੀਜ਼ ਦਾ ਮੁੜ ਪੂੰਜੀਕਰਣ***

2. ਪੀਐੱਸਬੀਜ਼ ਦੀ ਵਿੱਤੀ ਸਮਰੱਥਾ ਨੂੰ ਹੋਰ ਮਜ਼ਬੂਤ ਕਰਨ ਲਈ, 2021-22 ਵਿੱਚ 20,000 ਕਰੋੜ ਰੁਪਏ ਦਾ ਮੁੜ ਪੂੰਜੀਕਰਣ ਪ੍ਰਸਤਾਵਿਤ ਹੈ।

***ਜਮ੍ਹਾ ਬੀਮਾ***

3. ਪਿਛਲੇ ਸਾਲ, ਸਰਕਾਰ ਨੇ ਬੈਂਕ ਗਾਹਕਾਂ ਲਈ ਜਮ੍ਹਾ ਬੀਮਾ ਕਵਰ ਨੂੰ 1 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਮੈਂ ਇਸੇ ਸੈਸ਼ਨ ਵਿੱਚ ਹੀ ਡੀਆਈਸੀਜੀਸੀ ਐਕਟ, 1961 ਵਿੱਚ ਸੋਧਾਂ ਦਾ ਪ੍ਰਸਤਾਵ ਰਖਾਂਗੀ ਤਾਂਕਿ

ਪ੍ਰਬੰਧਾਂ ਨੂੰ ਸੁਚਾਰੂ ਬਣਾਇਆ ਜਾ ਸਕੇ, ਤਾਂ ਜੋ ਜੇ ਕੋਈ ਬੈਂਕ ਅਸਥਾਈ ਤੌਰ 'ਤੇ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੋਵੇ, ਤਾਂ ਅਜਿਹੇ ਬੈਂਕ ਦੇ ਜਮ੍ਹਾਕਰਤਾ, ਜਮ੍ਹਾ ਬੀਮਾ ਕਵਰ ਦੀ ਹੱਦ ਤੱਕ, ਆਪਣੀਆਂ ਜਮ੍ਹਾਂ ਰਕਮਾਂ ਤੱਕ ਅਸਾਨੀ ਨਾਲ ਅਤੇ ਲੋੜ ਅਨੁਸਾਰ ਪਹੁੰਚ ਕਰ ਸਕਣਗੇ। ਇਸ ਨਾਲ ਉਨ੍ਹਾਂ ਬੈਂਕਾਂ ਦੇ ਜਮ੍ਹਾਂਕਰਤਾਵਾਂ ਨੂੰ ਮਦਦ ਮਿਲੇਗੀ ਜੋ ਇਸ ਸਮੇਂ ਤਣਾਅ ਵਿੱਚ ਹਨ।

੪. ਛੋਟੇ ਕਰਜ਼ਦਾਰਾਂ ਦੇ ਹਿੱਤਾਂ ਦੀ ਰੱਖਿਆ ਕਰਦੇ ਹੋਏ ਕ੍ਰੈਡਿਟ ਅਨੁਸ਼ਾਸਨ ਨੂੰ ਬਿਹਤਰ ਬਣਾਉਣ ਲਈ, 100 ਕਰੋੜ ਰੁਪਏ ਦੀ ਘੱਟੋ ਘੱਟ ਜਾਇਦਾਦ ਦੇ ਅਕਾਰ ਵਾਲੀ ਐੱਨਬੀਐੱਫਸੀ ਲਈ, ਵਿੱਤੀ ਜਾਇਦਾਦਾਂ ਦੀ ਸਿਕਿਉਰੀਟਾਈਜ਼ੇਸ਼ਨ ਅਤੇ ਰੀਕਨਸਟ੍ਰਕਸ਼ਨ ਅਤੇ ਸਿਕਿਉਰਿਟੀ ਇਨਟਰੈਸਟ ਲਾਗੂਕਰਨ (SARFAESI) ਐਕਟ, 2002 ਦੇ ਅਧੀਨ ਕਰਜ਼ੇ ਦੀ ਵਸੂਲੀ ਲਈ ਘੱਟੋ ਘੱਟ ਲੋਨ ਦੀ ਸੀਮਾ ਨੂੰ ਮੌਜੂਦਾ ਪੱਧਰ 50 ਲੱਖ ਰੁਪਏ ਤੋਂ ਘਟਾ ਕੇ 20 ਲੱਖ ਰੁਪਏ ਕਰਨ ਦੀ ਤਜਵੀਜ਼ ਹੈ।

***ਕੰਪਨੀ ਮਾਮਲੇ***

5. ਕੰਪਨੀਜ਼ ਐਕਟ, 2013 ਦੇ ਤਹਿਤ ਕਾਰਜਸ਼ੀਲ ਅਤੇ ਤਕਨੀਕੀ ਰੂਪ ਨਾਲ ਅਪਰਾਧ ਦਾ ਡਿਕ੍ਰਿਮਲਾਈਜ਼ੇਸ਼ਨ ਹੁਣ ਪੂਰਾ ਹੋ ਗਿਆ ਹੈ। ਮੈਂ ਹੁਣ ਲਿਮਿਟੇਡ ਲਾਇਬਿਲਟੀ ਪਾਰਟਨਰਸ਼ਿਪ (ਐੱਲਐੱਲਪੀ) ਐਕਟ, 2008 ਦੇ ਡਿਕ੍ਰਿਮਲਾਈਜ਼ੇਸ਼ਨ ਦਾ ਪ੍ਰਸਤਾਵ ਰੱਖਦੀ ਹਾਂ।

6. ਸ਼੍ਰੀਮਾਨ ਜੀ, ਮੈਂ ਛੋਟੀਆਂ ਕੰਪਨੀਆਂ ਲਈ ਕੰਪਨੀ ਐਕਟ, 2013 ਦੇ ਅਧੀਨ ਪਰਿਭਾਸ਼ਾ ਵਿੱਚ ਸੋਧ ਕਰ ਕੇ ਪੇਡ-ਅਪ ਕੈਪੀਟਲ ਲਈ ਥ੍ਰੈਸ਼ੋਲਡ "50 ਲੱਖ ਰੁਪਏ ਤੋਂ ਵੱਧ ਨਹੀਂ" ਤੋਂ "2 ਕਰੋੜ ਰੁਪਏ ਤੋਂ ਵੱਧ ਨਹੀਂ" ਅਤੇ ਟਰਨਓਵਰ "2 ਕਰੋੜ ਰੁਪਏ ਤੋਂ ਵੱਧ ਨਹੀਂ" ਤੋਂ "20 ਕਰੋੜ ਰੁਪਏ ਤੋਂ ਵੱਧ ਨਹੀਂ" ਕਰਨ ਦਾ ਪ੍ਰਸਤਾਵ ਰੱਖਦੀ ਹਾਂ। ਇਸ ਨਾਲ ਦੋ ਲੱਖ ਤੋਂ ਵੱਧ ਕੰਪਨੀਆਂ ਨੂੰ ਅਨੁਪਾਲਨ ਦੀਆਂ ਜ਼ਰੂਰਤਾਂ ਨੂੰ ਆਸਾਨ ਬਣਾਉਣ ਵਿੱਚ ਲਾਭ ਹੋਏਗਾ।

7. ਇੱਕ ਹੋਰ ਉਪਾਅ ਦੇ ਤੌਰ 'ਤੇ ਜੋ ਸਿੱਧੇ ਤੌਰ 'ਤੇ ਸਟਾਰਟ-ਅੱਪਸ ਅਤੇ ਇਨੋਵੇਟਰਾਂ ਨੂੰ ਲਾਭ ਪਹੁੰਚਾਉਂਦਾ ਹੈ ਜ਼ਰੀਏ, ਓਪੀਸੀਜ਼ ਨੂੰ ਪੇਡ-ਅੱਪ ਪੂੰਜੀ ਅਤੇ ਟਰਨਓਵਰ 'ਤੇ ਬਿਨਾਂ ਕਿਸੇ ਪਾਬੰਦੀਆਂ ਦੇ ਅੱਗੇ ਵਧਣ, ਕਿਸੇ ਵੀ ਸਮੇਂ ਕਿਸੇ ਵੀ ਹੋਰ ਕਿਸਮ ਦੀ ਕੰਪਨੀ ਵਿੱਚ ਉਨ੍ਹਾਂ ਦੇ ਟ੍ਰਾਂਸਫਰ ਦੀ ਆਗਿਆ ਹੋਵੇਗੀ, ਕਿਸੇ ਭਾਰਤੀ ਨਾਗਰਿਕ ਲਈ ਓਪੀਸੀ ਸਥਾਪਤ ਕਰਨ ਦੀ ਰਿਹਾਇਸ਼ੀ ਸੀਮਾ ਨੂੰ 182 ਦਿਨਾਂ ਤੋਂ ਘਟਾ ਕੇ 120 ਦਿਨ ਕਰਨ ਅਤੇ ਗੈਰ ਨਿਵਾਸੀ ਭਾਰਤੀਆਂ (ਐੱਨਆਰਆਈਜ਼) ਨੂੰ ਭਾਰਤ ਵਿੱਚ ਓਪੀਸੀ ਸਥਾਪਤ ਕਰਨ ਦੀ ਆਗਿਆ ਦੇਣ ਦੀ ਇਜ਼ਾਜ਼ਤ ਦੇ ਕੇ ਇੱਕ ਵਿਅਕਤੀ ਕੰਪਨੀਆਂ (ਓਪੀਸੀ) ਸ਼ੁਰੂ ਕੀਤੇ ਜਾਣ ਨੂੰ ਉਤਸ਼ਾਹਤ ਕਰਨ ਦਾ ਮੈਂ ਪ੍ਰਸਤਾਵ ਰੱਖਦੀ ਹਾਂ।

8. ਮਾਮਲਿਆਂ ਦੇ ਤੇਜ਼ੀ ਨਾਲ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ, ਐੱਨਸੀਐੱਲਟੀ ਢਾਂਚਾ ਮਜ਼ਬੂਤ ਕੀਤਾ ਜਾਵੇਗਾ, ਈ-ਕੋਰਟਸ ਪ੍ਰਣਾਲੀ ਲਾਗੂ ਕੀਤੀ ਜਾਏਗੀ ਅਤੇ ਕਰਜ਼ੇ ਦੇ ਬਦਲਵੇਂ ਵਿਕਲਪਕ ਢੰਗ ਅਤੇ ਐੱਮਐੱਸਐੱਮਈਜ਼ ਲਈ ਵਿਸ਼ੇਸ਼ ਫਰੇਮਵਰਕ ਪੇਸ਼ ਕੀਤਾ ਜਾਵੇਗਾ।

9. ਆਉਣ ਵਾਲੇ ਵਿੱਤੀ ਸਾਲ 2021-22 ਦੇ ਦੌਰਾਨ, ਅਸੀਂ ਡੇਟਾ ਵਿਸ਼ਲੇਸ਼ਣ, ਆਰਟੀਫੀਸ਼ੀਅਲ ਇੰਟੈਲੀਜੈਂਸ, ਮਸ਼ੀਨ ਲਰਨਿੰਗ ਦੁਆਰਾ ਸੰਚਾਲਿਤ ਐੱਮਸੀਏ21 ਵਰਜ਼ਨ 3.0 ਨੂੰ ਸ਼ੁਰੂ ਕਰਾਂਗੇ। ਇਸ ਵਰਜ਼ਨ ਵਿੱਚ ਈ-ਜਾਂਚ, ਈ-ਐਡਜੂਡਿਕੇਸ਼ਨ, ਈ-ਕੰਸਲਟੇਸ਼ਨ ਅਤੇ ਪਾਲਣਾ ਪ੍ਰਬੰਧਨ ਲਈ ਵਾਧੂ ਮੋਡੀਊਲ ਹੋਣਗੇ।

***ਵਿਨਿਵੇਸ਼ ਅਤੇ ਰਣਨੀਤਕ ਵਿਕਰੀ***

10. ਕੋਵਿਡ -19 ਦੇ ਬਾਵਜੂਦ ਅਸੀਂ ਰਣਨੀਤਕ ਵਿਨਿਵੇਸ਼ ਦੀ ਦਿਸ਼ਾ ਵੱਲ ਕੰਮ ਕਰਦੇ ਰਹੇ ਹਾਂ। ਬੀਪੀਸੀਐੱਲ, ਏਅਰ ਇੰਡੀਆ, ਸ਼ਿਪਿੰਗ ਕਾਰਪੋਰੇਸ਼ਨ ਆਫ ਇੰਡੀਆ, ਕੰਟੇਨਰ ਕਾਰਪੋਰੇਸ਼ਨ ਆਫ ਇੰਡੀਆ, ਆਈਡੀਬੀਆਈ ਬੈਂਕ, ਬੀਈਐੱਮਐੱਲ, ਪਵਨ ਹੰਸ, ਨੀਲਾਚਲ ਇਸਪਾਤ ਨਿਗਮ ਲਿਮਿਟੇਡ ਦੇ ਕਈ ਲੈਣ-ਦੇਣ 2021-22 ਵਿੱਚ ਪੂਰੇ ਹੋਣਗੇ। ਆਈਡੀਬੀਆਈ ਬੈਂਕ ਤੋਂ ਇਲਾਵਾ, ਅਸੀਂ ਸਾਲ 2021-22 ਵਿੱਚ ਦੋ ਪਬਲਿਕ ਸੈਕਟਰ ਬੈਂਕਾਂ ਅਤੇ ਇੱਕ ਜਨਰਲ ਬੀਮਾ ਕੰਪਨੀ ਦਾ ਨਿੱਜੀਕਰਨ ਕਰਨ ਦਾ ਪ੍ਰਸਤਾਵ ਰੱਖਦੇ ਹਾਂ। ਇਸ ਲਈ ਵਿਧਾਨਿਕ ਸੋਧਾਂ ਦੀ ਜ਼ਰੂਰਤ ਹੋਏਗੀ ਅਤੇ ਮੈਂ ਇਸ ਸੈਸ਼ਨ ਵਿੱਚ ਹੀ ਸੋਧਾਂ ਨੂੰ ਪੇਸ਼ ਕਰਨ ਦਾ ਪ੍ਰਸਤਾਵ ਰੱਖਦੀ ਹਾਂ।

11. 2021-22 ਵਿੱਚ ਅਸੀਂ ਐੱਲਆਈਸੀ ਦਾ ਆਈਪੀਓ ਵੀ ਲਿਆਵਾਂਗੇ ਜਿਸ ਲਈ ਮੈਂ ਇਸ ਸੈਸ਼ਨ ਵਿੱਚ ਹੀ ਲੋੜੀਂਦੀਆਂ ਸੋਧਾਂ ਲਿਆ ਰਹੀ ਹਾਂ।

12. ਆਤਮਨਿਰਭਰ ਪੈਕੇਜ ਵਿੱਚ, ਮੈਂ ਐਲਾਨ ਕੀਤਾ ਸੀ ਕਿ ਅਸੀਂ ਜਨਤਕ ਖੇਤਰ ਦੇ ਉੱਦਮਾਂ ਦੀ ਰਣਨੀਤਕ ਵਿਨਿਵੇਸ਼ ਦੀ ਨੀਤੀ ਲੈ ਕੇ ਆਵਾਂਗੇ। ਸਦਨ ਨੂੰ ਇਹ ਦੱਸਦਿਆਂ ਮੈਨੂੰ ਖੁਸੀ ਹੋ ਰਹੀ ਹੈ ਕਿ ਸਰਕਾਰ ਨੇ ਉਕਤ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਨੀਤੀ ਸਾਰੇ ਗੈਰ-ਰਣਨੀਤਕ ਅਤੇ ਰਣਨੀਤਕ ਖੇਤਰਾਂ ਵਿੱਚ ਵਿਨਿਵੇਸ਼ ਲਈ ਇੱਕ ਸਪੱਸ਼ਟ ਰੋਡਮੈਪ ਪ੍ਰਦਾਨ ਕਰਦੀ ਹੈ। ਅਸੀਂ ਚਾਰ ਖੇਤਰ ਰੱਖੇ ਹਨ ਜੋ ਰਣਨੀਤਕ ਹਨ ਜਿੱਥੇ ਘੱਟੋ ਘੱਟ ਸੀਪੀਐੱਸਈ ਰੱਖੇ ਜਾਣਗੇ ਅਤੇ ਬਾਕੀ ਨਿੱਜੀਕਰਨ ਕੀਤੇ ਜਾਣਗੇ। ਬਾਕੀ ਸੈਕਟਰਾਂ ਵਿੱਚ ਸਾਰੇ ਸੀਪੀਐੱਸਈ ਦਾ ਨਿੱਜੀਕਰਨ ਕੀਤਾ ਜਾਵੇਗਾ। ਨੀਤੀ ਦੀਆਂ ਮੁੱਖ ਖ਼ਾਸ ਗੱਲਾਂ ਦਾ ਵੇਰਵਾ ਅਨੈਕਸਚਰ- III ਵਿੱਚ ਦਿੱਤਾ ਗਿਆ ਹੈ।

13. ਵਿਨਿਵੇਸ਼ ਪੋਲਿਸੀ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਲਈ, ਮੈਂ NITI ਨੂੰ ਕੇਂਦਰੀ ਜਨਤਕ ਖੇਤਰ ਦੀਆਂ ਕੰਪਨੀਆਂ ਦੀ ਅਗਲੀ ਸੂਚੀ 'ਤੇ ਕੰਮ ਕਰਨ ਲਈ ਕਹਿ ਰਹੀ ਹਾਂ ਜੋ ਰਣਨੀਤਕ ਵਿਨਿਵੇਸ਼ ਲਈ ਲਈਆਂ ਜਾਣੀਆਂ ਹਨ।

14. ਇਸੇ ਤਰ੍ਹਾਂ ਰਾਜਾਂ ਨੂੰ ਉਨ੍ਹਾਂ ਦੀਆਂ ਜਨਤਕ ਖੇਤਰ ਦੀਆਂ ਕੰਪਨੀਆਂ ਨੂੰ ਵਿਨਿਵੇਸ਼ ਲਈ ਉਤਸ਼ਾਹਤ ਕਰਨ ਲਈ, ਅਸੀਂ ਰਾਜਾਂ ਲਈ ਕੇਂਦਰੀ ਫੰਡਾਂ ਦਾ ਇੱਕ ਪ੍ਰੋਤਸਾਹਨ ਪੈਕੇਜ ਤਿਆਰ ਕਰਾਂਗੇ।

15. ਵਿਅਰਥ ਸੰਪਤੀਆਂ ਦਾ ਆਤਮ ਨਿਰਭਰ ਭਾਰਤ ਵਿੱਚ ਯੋਗਦਾਨ ਨਹੀਂ ਹੋਵੇਗਾ। ਨਾਨ-ਕੋਰ ਸੰਪਤੀਆਂ ਵਿੱਚ ਵੱਡੇ ਪੱਧਰ 'ਤੇ ਸਰਕਾਰੀ ਮੰਤਰਾਲਿਆਂ / ਵਿਭਾਗਾਂ ਅਤੇ ਜਨਤਕ ਖੇਤਰ ਦੇ ਉੱਦਮਾਂ ਕੋਲ ਪਈ ਵਾਧੂ ਜ਼ਮੀਨ ਆਉਂਦੀ ਹੈ। ਜ਼ਮੀਨਾਂ ਦਾ ਮੁਦਰੀਕਰਨ ਜਾਂ ਤਾਂ ਸਿੱਧੀ ਵਿਕਰੀ ਜਾਂ ਰਿਆਇਤ ਦੁਆਰਾ ਜਾਂ ਇਸੇ ਤਰ੍ਹਾਂ ਦੇ ਹੋਰ ਸਾਧਨਾਂ ਰਾਹੀਂ ਹੋ ਸਕਦਾ ਹੈ। ਇਸ ਲਈ

ਵਿਸ਼ੇਸ਼ ਕਾਬਲੀਅਤਾਂ ਦੀ ਲੋੜ ਹੁੰਦੀ ਹੈ ਅਤੇ ਇਸ ਉਦੇਸ਼ ਲਈ, ਮੈਂ ਇੱਕ ਕੰਪਨੀ ਦੇ ਰੂਪ ਵਿੱਚ ਇੱਕ ਵਿਸ਼ੇਸ਼ ਉਦੇਸ਼ ਵਾਹਨ ਦੀ ਵਰਤੋਂ ਕਰਨ ਦਾ ਪ੍ਰਸਤਾਵ ਦਿੰਦੀ ਹਾਂ ਜੋ ਇਸ ਕਾਰਜ ਨੂੰ ਪੂਰਾ ਸਕੇ।

16. ਬੀਮਾਰ ਜਾਂ ਘਾਟੇ ਵਾਲੀਆਂ ਸੀਪੀਐੱਸਈਜ਼ ਨੂੰ ਸਮੇਂ ਸਿਰ ਬੰਦ ਕਰਨ ਨੂੰ ਯਕੀਨੀ ਬਣਾਉਣ ਲਈ, ਅਸੀਂ ਇੱਕ ਸੋਧੀ ਪ੍ਰਕ੍ਰਿਆ ਲਾਗੂ ਕਰਾਂਗੇ। ਜਿਸ ਨਾਲ ਸਮੇਂ ਸਿਰ ਬੰਦ ਕਰਨ ਦਾ ਕੰਮ ਮੁਕੰਮਲ ਕੀਤਾ ਜਾ ਸਕੇ।

17. ਮੈਂ 2021-22 ਬੀਈ ਵਿੱਚ ਵਿਨਿਵੇਸ਼ ਤੋਂ 1,75,000 ਕਰੋੜ ਰੁਪਏ ਦੀ ਰਕਮ ਦੀਆਂ ਪ੍ਰਾਪਤੀਆਂ ਹੋਣ ਦਾ ਅਨੁਮਾਨ ਲਗਾਇਆ ਹੈ।

***ਸਰਕਾਰੀ ਵਿੱਤੀ ਸੁਧਾਰ***

18. ਟ੍ਰੈਜ਼ਰੀ ਸਿੰਗਲ ਅਕਾਉਂਟ (ਟੀਐੱਸਏ) ਦੇ ਅਧੀਨ ਖੁਦਮੁਖਤਿਆਰੀ ਸੰਸਥਾਵਾਂ ਅਸਲ ਖਰਚੇ ਵੇਲੇ, ਸਿੱਧੇ ਤੌਰ 'ਤੇ ਸਰਕਾਰ ਦੇ ਖਾਤੇ ਤੋਂ ਫੰਡ ਕੱਢ ਸਕਦੀਆਂ ਹਨ, ਜਿਸ ਨਾਲ ਵਿਆਜ ਦੇ ਰੂਪ ਵਿੱਚ ਹੋਣ ਵਾਲੇ ਖਰਚੇ ਦੀ ਬਚਤ ਹੋ ਸਕੇ। ਅਸੀਂ 2021-22 ਤੋਂ ਸਰਵਵਿਆਪਕ ਵਰਤੋਂ ਲਈ ਟੀਐੱਸਏ ਸਿਸਟਮ ਦਾ ਵਿਸਤਾਰ ਕਰਾਂਗੇ।

19. ਪੰਦਰਵੇਂ ਵਿੱਤ ਕਮਿਸ਼ਨ ਦੀ ਸਿਫਾਰਸ਼ 'ਤੇ, ਅਸੀਂ ਕੇਂਦਰੀ ਸਪਾਂਸਰਡ ਸਕੀਮਾਂ ਨੂੰ ਤਰਕਸੰਗਤ ਬਣਾਉਣ ਅਤੇ ਗਿਣਤੀ ਨੂੰ ਘੱਟ ਕਰਨ ਲਈ ਇੱਕ ਵਿਸਤ੍ਰਿਤ ਕੰਮ ਕੀਤਾ ਹੈ। ਇਸ ਨਾਲ ਬਿਹਤਰ ਪ੍ਰਭਾਵ ਲਈ ਯੋਜਨਾ ਦੇ ਖਰਚ ਨੂੰ ਸਮੇਕਿਤ ਕੀਤਾ ਜਾ ਸਕੇਗਾ।

20. ਸਰਕਾਰ ਬਹੁ-ਰਾਜ ਸਹਿਕਾਰੀ ਸੰਮਤੀਆਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰੇਗੀ। ਸਹਿਕਾਰਤਾ ਲਈ 'ਕਾਰੋਬਾਰ ਕਰਨ ਵਿੱਚ ਆਸਾਨੀ' ਨੂੰ ਹੋਰ ਸੁਚਾਰੂ ਬਣਾਉਣ ਲਈ, ਮੈਂ ਉਨ੍ਹਾਂ ਲਈ ਵੱਖਰਾ ਪ੍ਰਬੰਧਕੀ ਢਾਂਚਾ ਸਥਾਪਤ ਕਰਨ ਦਾ ਪ੍ਰਸਤਾਵ ਦਿੰਦੀ ਹਾਂ।

***3. ਆਕਾਂਖੀ ਭਾਰਤ ਲਈ ਸਮਾਵੇਸ਼ੀ ਵਿਕਾਸ***

21. ਸਤਿਕਾਰਯੋਗ ਸਪੀਕਰ ਸ਼੍ਰੀਮਾਨ ਜੀ, ਇਸ ਥੰਮ੍ਹ ਦੇ ਤਹਿਤ ਮੈਂ ਖੇਤੀਬਾੜੀ ਅਤੇ ਇਸ ਨਾਲ ਜੁੜੇ ਖੇਤਰਾਂ, ਕਿਸਾਨਾਂ ਦੀ ਭਲਾਈ ਅਤੇ ਗ੍ਰਾਮੀਣ ਭਾਰਤ, ਪ੍ਰਵਾਸੀ ਮਜ਼ਦੂਰਾਂ ਅਤੇ ਮਜ਼ਦੂਰਾਂ ਅਤੇ ਵਿੱਤੀ ਸ਼ਮੂਲੀਅਤ ਨੂੰ ਸ਼ਾਮਲ ਕਰਾਂਗੀ।

***ਖੇਤੀ ਬਾੜੀ***

22. ਸਾਡੀ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ। ਐੱਮਐੱਸਪੀ ਪ੍ਰਣਾਲੀ ਨੇ ਸਾਰੀਆਂ ਵਸਤਾਂ ਵਿੱਚ ਉਤਪਾਦਨ ਦੀ ਲਾਗਤ ਨਾਲੋਂ 1.5 ਗੁਣਾ ਵੱਧ ਕੀਮਤ ਦੇਣ ਦਾ ਭਰੋਸਾ ਦੇਣ ਲਈ ਬਹੁਤ ਵੱਡੀ ਤਬਦੀਲੀ ਲਿਆਂਦੀ ਹੈ। ਖਰੀਦ ਵੀ ਨਿਰੰਤਰ ਗਤੀ ਨਾਲ ਜਾਰੀ ਹੈ। ਇਸ ਨਾਲ ਕਿਸਾਨਾਂ ਨੂੰ ਅਦਾਇਗੀ ਵਿੱਚ ਕਾਫ਼ੀ ਵਾਧਾ ਹੋਇਆ ਹੈ।

23. ਕਣਕ ਦੇ ਮਾਮਲੇ ਵਿੱਚ, 2013-2014 ਵਿੱਚ ਕਿਸਾਨਾਂ ਨੂੰ ਅਦਾ ਕੀਤੀ ਗਈ ਕੁੱਲ ਰਕਮ, 33,874 ਕਰੋੜ ਰੁਪਏ ਸੀ। 2019-2020 ਵਿੱਚ ਇਹ, 62,802 ਕਰੋੜ ਰੁਪਏ ਸੀ, ਅਤੇ ਇਸ ਤੋਂ ਵੀ ਵਧੀਆ, 2020-2021 ਵਿੱਚ, ਕਿਸਾਨਾਂ ਨੂੰ ਅਦਾ ਕੀਤੀ ਗਈ ਇਹ ਰਕਮ, 75,060 ਕਰੋੜ ਰੁਪਏ ਸੀ। ਕਣਕ ਉਗਾਉਣ ਵਾਲੇ ਕਿਸਾਨਾਂ ਦੀ ਗਿਣਤੀ 2020-21 ਵਿੱਚ ਵੱਧ ਕੇ 43.36 ਲੱਖ ਹੋ ਗਈ ਜੋ ਕਿ ਸਾਲ 2019- 20 ਵਿੱਚ 35.57 ਲੱਖ ਸੀ।

24. ਝੋਨੇ ਲਈ, 2013-14 ਵਿੱਚ ਅਦਾ ਕੀਤੀ ਰਕਮ 63,928 ਕਰੋੜ ਰੁਪਏ ਸੀ। 2019-2020 ਵਿੱਚ ਇਹ ਵੱਧ ਕੇ 1,41,930 ਕਰੋੜ ਹੋ ਗਈ। ਇਸ ਤੋਂ ਵੀ ਵਧੀਆ, 2020-2021 ਵਿੱਚ, ਇਸ ਤੋਂ ਅੱਗੇ ਵਧ ਕੇ ਇਹ 172,752 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਲਾਭਪਾਤਰੀ ਕਿਸਾਨਾਂ ਦੀ ਗਿਣਤੀ ਸਾਲ 2019-20 ਵਿੱਚ 1.24 ਕਰੋੜ ਰੁਪਏ ਤੋਂ ਵਧ ਕੇ 2020-21 ਵਿੱਚ 1.54 ਕਰੋੜ ਹੋ ਗਈ।

25. ਇਸੇ ਤਰ੍ਹਾਂ ਦਾਲਾਂ ਦੇ ਮਾਮਲੇ ਵਿੱਚ 2013-2014 ਵਿੱਚ ਅਦਾ ਕੀਤੀ ਗਈ ਰਕਮ 236 ਕਰੋੜ ਰੁਪਏ ਸੀ।2019-20 ਵਿੱਚ ਇਹ ਵਧ ਕੇ 8,285 ਕਰੋੜ ਰੁਪਏ ਹੋ ਗਈ। ਹੁਣ, 2020-2021 ਵਿੱਚ, ਇਹ 10,530 ਕਰੋੜ ਰੁਪਏ 'ਤੇ ਹੈ, ਜੋ ਕਿ 2013-14 ਦੇ ਮੁਕਾਬਲੇ 40 ਗੁਣਾ ਤੋਂ ਵੱਧ ਹੈ।

26. ਨਰਮੇ ਦੇ ਕਿਸਾਨਾਂ ਨੂੰ ਪ੍ਰਾਪਤ ਹੋਣ ਵਾਲੀ ਰਾਸ਼ੀ 2013-14 ਵਿੱਚ 90 ਕਰੋੜ ਰੁਪਏ ਵਿੱਚ ਭਾਰੀ ਵਾਧਾ ਹੋਇਆ ਹੈ ਅਤੇ 25,974 ਕਰੋੜ ਰੁਪਏ (27 ਜਨਵਰੀ 2021 ਤੱਕ) ਹੋ ਗਈ ਹੈ। ਵੇਰਵੇ ਅਨੁਬੰਧ IV ਵਿੱਚ ਦਰਜ ਹਨ।

27. ਇਸ ਸਾਲ ਦੇ ਅਰੰਭ ਵਿੱਚ, ਮਾਨਯੋਗ ਪ੍ਰਧਾਨ ਮੰਤਰੀ ਨੇ ਸਵਾਮਿਤਵ ਯੋਜਨਾ ਦੀ ਸ਼ੁਰੂਆਤ ਕੀਤੀ ਸੀ। ਇਸਦੇ ਤਹਿਤ ਪਿੰਡਾਂ ਵਿੱਚ ਜਾਇਦਾਦ ਮਾਲਕਾਂ ਨੂੰ ਅਧਿਕਾਰਾਂ ਦਾ ਰਿਕਾਰਡ ਦਿੱਤਾ ਜਾ ਰਿਹਾ ਹੈ। ਹੁਣ ਤੱਕ 1,241 ਪਿੰਡਾਂ ਵਿੱਚ ਤਕਰੀਬਨ 1.80 ਲੱਖ ਜਾਇਦਾਦ-ਮਾਲਕਾਂ ਨੂੰ ਕਾਰਡ ਮੁਹੱਈਆ ਕਰਵਾਏ ਜਾ ਚੁੱਕੇ ਹਨ। ਮੈਂ ਹੁਣ ਵਿੱਤੀ ਸਾਲ 21-22 ਦੌਰਾਨ ਸਾਰੇ ਰਾਜਾਂ / ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਕਵਰ ਕਰਨ ਲਈ ਇਸ ਨੂੰ ਵਧਾਉਣ ਦਾ ਪ੍ਰਸਤਾਵ ਰੱਖਦੀ ਹਾਂ।

28. ਸਾਡੇ ਕਿਸਾਨਾਂ ਨੂੰ ਉਧਾਰ ਦੇਣ ਲਈ ਮੈਂ ਵਿੱਤੀ ਸਾਲ 22 ਵਿੱਚ ਖੇਤੀਬਾੜੀ ਕਰਜ਼ੇ ਦੇ ਟੀਚੇ ਨੂੰ ਵਧਾ ਕੇ 16.5 ਲੱਖ ਕਰੋੜ ਰੁਪਏ ਕਰ ਦਿੱਤਾ ਹੈ। ਅਸੀਂ ਪਸ਼ੂ ਪਾਲਣ, ਡੇਅਰੀ ਅਤੇ ਮੱਛੀ ਪਾਲਣ ਵੱਲ ਵੱਧ ਰਹੇ ਕ੍ਰੈਡਿਟ ਪ੍ਰਵਾਹ ਨੂੰ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਤ ਕਰਾਂਗੇ।

29. ਅਸੀਂ ਗ੍ਰਾਮੀਣ ਬੁਨਿਆਦੀ ਢਾਂਚਾ ਵਿਕਾਸ ਫੰਡ ਲਈ ਐਲੋਕੇਸ਼ਨ 30,000 ਕਰੋੜ ਰੁਪਏ ਤੋਂ ਵਧਾ ਕੇ 40,000 ਕਰੋੜ ਰੁਪਏ ਕਰ ਰਹੇ ਹਾਂ।

30. ਮਾਈਕਰੋ ਸਿੰਚਾਈ ਫੰਡ, ਨਾਬਾਰਡ ਦੇ ਅਧੀਨ 5,000 ਕਰੋੜ ਰੁਪਏ ਦੇ ਕੋਰਪਸ ਨਾਲ ਬਣਾਇਆ ਗਿਆ ਹੈ, ਮੈਂ ਇਸ ਨੂੰ ਹੋਰ 5,000 ਕਰੋੜ ਰੁਪਏ ਵਧਾ ਕੇ ਦੁੱਗਣਾ ਕਰਨ ਦੀ ਤਜਵੀਜ਼ ਰੱਖਦੀ ਹਾਂ।

31. ਖੇਤੀਬਾੜੀ ਅਤੇ ਇਸ ਨਾਲ ਜੁੜੇ ਉਤਪਾਦਾਂ ਅਤੇ ਉਨ੍ਹਾਂ ਦੇ ਨਿਰਯਾਤ ਵਿੱਚ ਮੁੱਲ ਵਾਧੇ ਲਈ, 'ਓਪਰੇਸ਼ਨ ਗਰੀਨ ਸਕੀਮ' ਦੇ ਦਾਇਰੇ, ਜੋ ਇਸ ਸਮੇਂ ਟਮਾਟਰ, ਪਿਆਜ਼ ਅਤੇ ਆਲੂਆਂ 'ਤੇ ਲਾਗੂ ਹੈ, ਨੂੰ 22 ਨਾਸ਼ਵਾਨ ਉਤਪਾਦਾਂ ਨੂੰ ਸ਼ਾਮਲ ਕਰਨ ਲਈ ਵੱਡਾ ਕੀਤਾ ਜਾਵੇਗਾ।

32. ਈ-ਨਾਮ ਵਿੱਚ ਤਕਰੀਬਨ 1.68 ਕਰੋੜ ਕਿਸਾਨ ਰਜਿਸਟਰਡ ਕੀਤੇ ਗਏ ਹਨ ਅਤੇ ਇਸ ਦੁਆਰਾ 1.14 ਲੱਖ ਕਰੋੜ ਰੁਪਏ ਦਾ ਵਪਾਰ ਮੁੱਲ ਹਾਸਲ ਹੋਇਆ ਹੈ। ਈ-ਐੱਨਏਐੱਮ ਦੁਆਰਾ ਖੇਤੀਬਾੜੀ ਬਾਜ਼ਾਰ ਵਿੱਚ ਲਿਆਂਦੀ ਗਈ ਪਾਰਦਰਸ਼ਤਾ ਅਤੇ ਪ੍ਰਤੀਯੋਗੀਤਾ ਨੂੰ ਧਿਆਨ ਵਿਚ ਰੱਖਦੇ ਹੋਏ, 1,000 ਹੋਰ ਮੰਡੀਆਂ ਨੂੰ ਈ-ਨਾਮ ਨਾਲ ਜੋੜਿਆ ਜਾਵੇਗਾ।

33. ਏਪੀਐੱਮਸੀਜ਼ ਨੂੰ ਉਨ੍ਹਾਂ ਦੇ ਬੁਨਿਆਦੀ ਢਾਂਚੇ ਦੀਆਂ ਸੁਵਿਧਾਵਾਂ ਵਿੱਚ ਵਾਧਾ ਕਰਨ ਲਈ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਉਪਲਬਧ ਕਰਵਾਏ ਜਾਣਗੇ।

***ਮੱਛੀ ਪਾਲਣ***

34. ਮੈਂ ਆਧੁਨਿਕ ਫਿਸ਼ਿੰਗ ਹਾਰਬਰਾਂ ਅਤੇ ਫਿਸ਼ ਲੈਂਡਿੰਗ ਸੈਂਟਰਾਂ ਦੇ ਵਿਕਾਸ ਵਿੱਚ ਮਹੱਤਵਪੂਰਨ ਨਿਵੇਸ਼ ਦਾ ਪ੍ਰਸਤਾਵ ਦੇ ਰਹੀ ਹਾਂ। ਇਸ ਦੀ ਸ਼ੁਰੂਆਤ ਲਈ, ਮੱਛੀ ਫੜਨ ਵਾਲੀਆਂ 5 ਵੱਡੀਆਂ ਬੰਦਰਗਾਹਾਂ- ਕੋਚੀ, ਚੇਨਈ, ਵਿਸ਼ਾਖਾਪਟਨਮ, ਪਾਰਾਦੀਪ ਅਤੇ ਪੈਟੂਘਾਟ ਨੂੰ ਆਰਥਿਕ ਗਤੀਵਿਧੀਆਂ ਦੇ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਅਸੀਂ ਦਰਿਆਵਾਂ ਅਤੇ ਜਲ ਮਾਰਗਾਂ ਦੇ ਕਿਨਾਰਿਆਂ ਦੇ ਨਾਲ-ਨਾਲ ਮੱਛੀ ਫੜਨ ਵਾਲੀਆਂ ਬੰਦਰਗਾਹਾਂ ਅਤੇ ਮੱਛੀ-ਲੈਂਡਿੰਗ ਸੈਂਟਰ ਵੀ ਵਿਕਸਤ ਕਰਾਂਗੇ।

35. ਸੀ-ਵੀਡ ਇੱਕ ਉੱਭਰਦਾ ਖੇਤਰ ਹੈ ਜਿਸ ਵਿੱਚ ਸਮੁੰਦਰ ਕਿਨਾਰੇ ਦੇ ਸਮੁਦਾਇਆਂ ਦੇ ਜੀਵਨ ਨੂੰ ਬਦਲਣ ਦੀ ਸੰਭਾਵਨਾ ਹੈ। ਇਸ ਨਾਲ ਵੱਡੇ ਪੱਧਰ 'ਤੇ ਰੋਜ਼ਗਾਰ ਅਤੇ ਵਾਧੂ ਆਮਦਨੀ ਮੁਹੱਈਆ ਹੋਵੇਗੀ। ਸਮੁੰਦਰੀ ਤਲ ਦੀ ਕਾਸ਼ਤ ਨੂੰ ਉਤਸ਼ਾਹਤ ਕਰਨ ਲਈ, ਮੈਂ ਤਾਮਿਲਨਾਡੂ ਵਿੱਚ ਇੱਕ ਮਲਟੀਪਰਪਜ਼ ਸੀਵੀਡ ਪਾਰਕ ਸਥਾਪਤ ਕਰਨ ਦਾ ਪ੍ਰਸਤਾਵ ਰੱਖਦੀ ਹਾਂ।

***ਪ੍ਰਵਾਸੀ ਕਾਮੇ ਅਤੇ ਮਜ਼ਦੂਰ***

36. ਅਸੀਂ 'ਇੱਕ ਰਾਸ਼ਟਰ ਇੱਕ ਰਾਸ਼ਨ ਕਾਰਡ' ਸਕੀਮ ਦੀ ਸ਼ੁਰੂਆਤ ਕੀਤੀ ਹੈ ਜਿਸ ਦੁਆਰਾ ਲਾਭਾਰਥੀ ਦੇਸ਼ ਵਿੱਚ ਕਿਤੇ ਵੀ ਆਪਣੇ ਰਾਸ਼ਨ ਦਾ ਦਾਅਵਾ ਕਰ ਸਕਦੇ ਹਨ। ਪ੍ਰਵਾਸੀ ਮਜ਼ਦੂਰ ਇਸ ਯੋਜਨਾ ਦਾ ਵਿਸ਼ੇਸ਼ ਤੌਰ 'ਤੇ ਲਾਭ ਲੈ ਰਹੇ ਹਨ - ਜਿਹੜੇ ਲੋਕ ਆਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ, ਉਹ ਅੰਸ਼ਿਕ ਤੌਰ 'ਤੇ ਆਪਣੇ ਰਾਸ਼ਨ ਦਾ ਦਾਅਵਾ ਕਰ ਸਕਦੇ ਹਨ ਜਿੱਥੇ ਉਹ ਖੁਦ ਰਹਿੰਦੇ ਹਨ, ਜਦੋਂ ਕਿ ਉਨ੍ਹਾਂ ਦਾ ਪਰਿਵਾਰ, ਉਨ੍ਹਾਂ ਦੇ ਜੱਦੀ ਸਥਾਨਾਂ 'ਤੇ ਬਾਕੀ ਰਾਸ਼ਨ ਦਾ ਦਾਅਵਾ ਕਰ ਸਕਦਾ ਹੈ। ਤੁਹਾਨੂੰ ਦੱਸਦਿਆਂ ਮੈਨੂੰ ਖੁਸੀ ਹੈ ਕਿ ਵਨ ਨੇਸ਼ਨ ਵਨ ਰਾਸ਼ਨ ਕਾਰਡ ਯੋਜਨਾ 32 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੁਆਰਾ ਲਾਗੂ ਕੀਤੀ ਜਾ ਰਹੀ ਹੈ, ਤਕਰੀਬਨ 69 ਕਰੋੜ ਲਾਭਾਰਥੀਆਂ ਤੱਕ ਪਹੁੰਚ ਰਹੀ ਹੈ -

ਇਸ ਵਿੱਚ ਹੁਣ ਕੁੱਲ 86% ਲਾਭਾਰਥੀ ਸ਼ਾਮਲ ਹਨ। ਬਾਕੀ 4 ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਅਗਲੇ ਕੁਝ ਮਹੀਨਿਆਂ ਵਿੱਚ ਇਸ ਯੋਜਨਾ ਵਿੱਚ ਏਕੀਕ੍ਰਿਤ ਹੋ ਜਾਣਗੇ।

37. ਗੈਰ ਸੰਗਠਿਤ ਲੇਬਰ ਫੋਰਸ ਵਿਸ਼ੇਸ਼ਕਰ ਪ੍ਰਵਾਸੀ ਮਜ਼ਦੂਰਾਂ ਤੱਕ ਸਾਡੀਆਂ ਕੋਸ਼ਿਸ਼ਾਂ ਨੂੰ ਅੱਗੇ ਵਧਾਉਣ ਲਈ, ਮੈਂ ਇੱਕ ਪੋਰਟਲ ਲਾਂਚ ਕਰਨ ਦੀ ਤਜਵੀਜ਼ ਰੱਖਦੀ ਹਾਂ ਜੋ ਹੋਰਨਾਂ ਗੱਲਾਂ ਤੋਂ ਇਲਾਵਾ ਗਿਗ, ਇਮਾਰਤ ਅਤੇ ਉਸਾਰੀ-ਮਜ਼ਦੂਰਾਂ ਬਾਰੇ

ਢੁੱਕਵੀਂ ਜਾਣਕਾਰੀ ਇਕੱਤਰ ਕਰੇਗਾ। ਇਹ ਪ੍ਰਵਾਸੀ ਮਜ਼ਦੂਰਾਂ ਲਈ ਸਿਹਤ, ਆਵਾਸ , ਕੌਸ਼ਲ, ਬੀਮਾ, ਰਿਣ ਅਤੇ ਭੋਜਨ ਸੰਬੰਧਾਂ ਯੋਜਨਾਵਾਂ ਬਣਾਉਣ ਵਿੱਚ ਸਹਾਇਤਾ ਕਰੇਗਾ।

38. 4 ਲੇਬਰ ਕੋਡਾਂ ਦੇ ਲਾਗੂ ਹੋਣ ਨਾਲ ਅਸੀਂ, 20 ਸਾਲ ਪਹਿਲਾਂ ਸ਼ੁਰੂ ਹੋਈ ਇੱਕ ਪ੍ਰਕਿਰਿਆ ਨੂੰ ਮੁਕੰਮਲ ਕਰਾਂਗੇ। ਵਿਸ਼ਵ ਵਿੱਚ ਇਹ ਪਹਿਲੀ ਵਾਰ ਹੋਵੇਗਾ ਕਿ ਸਮਾਜਿਕ ਸੁਰੱਖਿਆ ਲਾਭ ਗਿਗ ਅਤੇ ਪਲੇਟਫਾਰਮ ਵਰਕਰਾਂ ਤੱਕ ਪੁੱਜਣਗੇ। ਘੱਟੋ ਘੱਟ ਤਨਖਾਹ ਸਾਰੇ ਵਰਗਾਂ ਦੇ ਕਰਮਚਾਰੀਆਂ ਲਈ ਲਾਗੂ ਹੋਵੇਗੀ, ਅਤੇ ਇਹ ਸਭ ਕਰਮਚਾਰੀ ਰਾਜ ਬੀਮਾ ਨਿਗਮ ਦੁਆਰਾ ਕਵਰ ਕੀਤੇ ਜਾਣਗੇ। ਮਹਿਲਾਵਾਂ ਨੂੰ ਸਾਰੀਆਂ ਸ਼੍ਰੇਣੀਆਂ ਅਤੇ ਰਾਤ ਦੀ ਸ਼ਿਫਟ ਵਿੱਚ ਵੀ ਕਾਫ਼ੀ ਸੁਰੱਖਿਆ ਦੇ ਨਾਲ ਕੰਮ ਕਰਨ ਦੀ ਆਗਿਆ ਹੋਵੇਗੀ। ਉਸੇ ਸਮੇਂ, ਰੋਜ਼ਗਾਰਦਾਤਾਵਾਂ 'ਤੇ ਇਕੱਲੇ ਰਜਿਸਟ੍ਰੇਸ਼ਨ ਅਤੇ ਲਾਇਸੈਂਸ, ਅਤੇ ਔਨਲਾਈਨ ਨਾਲ ਪਾਲਣਾ ਦਾ ਬੋਝ ਘੱਟ ਜਾਵੇਗਾ।

***ਵਿੱਤੀ ਸ਼ਮੂਲੀਅਤ***

39. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਅਤੇ ਮਹਿਲਾਵਾਂ ਲਈ ਸਟੈਂਡ ਅਪ ਇੰਡੀਆ ਦੀ ਸਕੀਮ ਅਧੀਨ ਕਰੈਡਿਟ ਪ੍ਰਵਾਹ ਨੂੰ ਹੋਰ ਸੁਵਿਧਾ ਦੇਣ ਲਈ, ਮੈਂ ਪ੍ਰਸਤਾਵ ਕਰਦੀ ਹਾਂ ਕਿ ਮਾਰਜਨ ਮਨੀ ਦੀ ਜ਼ਰੂਰਤ ਨੂੰ 25% ਤੋਂ ਘਟਾ ਕੇ 15% ਕੀਤਾ ਜਾਵੇ, ਅਤੇ ਖੇਤੀਬਾੜੀ ਨਾਲ ਜੁੜੇ ਕੰਮਾਂ ਲਈ ਕਰਜ਼ੇ ਵੀ ਸ਼ਾਮਲ ਕੀਤੇ ਜਾਣ।

40. ਅਸੀਂ ਐੱਮਐੱਸਐੱਮਈ ਸੈਕਟਰ ਦੇ ਸਮਰਥਨ ਲਈ ਕਈ ਕਦਮ ਚੁੱਕੇ ਹਨ। ਇਸ ਬਜਟ ਵਿੱਚ, ਮੈਂ ਇਸ ਸੈਕਟਰ ਨੂੰ, 15,700 ਕਰੋੜ ਰੁਪਏ ਪ੍ਰਦਾਨ ਕੀਤੇ ਹਨ, ਜੋ ਇਸ ਸਾਲ ਦੇ ਬਜਟ ਅਨੁਮਾਨਾਂ ਲਈ ਦੁੱਗਣੇ ਤੋਂ ਵੀ ਵੱਧ ਹਨ।

***4. ਮਾਨਵ ਪੂੰਜੀ ਦਾ ਫਿਰ ਸ਼ਕਤੀਵਰਧਨ***

41. ਹਾਲ ਹੀ ਵਿੱਚ ਐਲਾਨ ਕੀਤੀ ਗਈ ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ) ਦਾ ਵਧੀਆ ਸਵਾਗਤ ਹੋਇਆ ਹੈ।

***ਸਕੂਲ ਸਿੱਖਿਆ***

42. ਰਾਸ਼ਟਰੀ ਸਿੱਖਿਆ ਨੀਤੀ ਦੇ ਸਾਰੇ ਹਿੱਸਿਆਂ ਨੂੰ ਸ਼ਾਮਲ ਕਰਨ ਲਈ 15,000 ਤੋਂ ਵੱਧ ਸਕੂਲਾਂ ਨੂੰ ਗੁਣਾਤਮਕ ਢੰਗ ਨਾਲ ਮਜ਼ਬੂਤ ਕੀਤਾ ਜਾਵੇਗਾ। ਉਹ ਨੀਤੀ ਦੇ ਆਦਰਸ਼ਾਂ ਨੂੰ ਪ੍ਰਾਪਤ ਕਰਨ ਲਈ ਆਪਣੇ ਖੇਤਰਾਂ ਵਿੱਚ ਮਿਸਾਲੀ ਸਕੂਲ ਬਣਨਗੇ, ਜੋ ਹੋਰ ਸਕੂਲਾਂ ਨੂੰ ਸਹਿਯੋਗ ਅਤੇ ਸਲਾਹ ਦੇਣਗੇ।

43. ਗੈਰ ਸਰਕਾਰੀ ਸੰਗਠਨਾਂ / ਨਿੱਜੀ ਸਕੂਲਾਂ / ਰਾਜਾਂ ਦੀ ਭਾਈਵਾਲੀ ਵਿੱਚ 100 ਨਵੇਂ ਸੈਨਿਕ ਸਕੂਲ ਸਥਾਪਤ ਕੀਤੇ ਜਾਣਗੇ।

***ਉੱਚ ਸਿੱਖਿਆ***

44. 2019-20 ਦੇ ਬਜਟ ਵਿੱਚ ਮੈਂ ਭਾਰਤ ਦੇ ਉੱਚ ਸਿੱਖਿਆ ਕਮਿਸ਼ਨ ਦੀ ਸਥਾਪਨਾ ਬਾਰੇ ਦੱਸਿਆ ਸੀ। ਅਸੀਂ ਇਸ ਨੂੰ ਲਾਗੂ ਕਰਨ ਲਈ ਇਸ ਸਾਲ ਕਾਨੂੰਨ ਲਿਆਵਾਂਗੇ। ਇਹ ਇੱਕ ਛੱਤਰੀ ਸੰਸਥਾ ਹੋਵੇਗੀ ਜਿਸ ਵਿੱਚ ਸਟੈਂਡਰਡ ਸੈਟਿੰਗ, ਪ੍ਰਮਾਣਿਤਤਾ, ਨਿਰਧਾਰਣ ਅਤੇ ਫੰਡਿੰਗ ਲਈ 4 ਵੱਖਰੇ ਵਾਹਨ ਹੋਣਗੇ।

45. ਸਾਡੇ ਕਈ ਸ਼ਹਿਰਾਂ ਵਿੱਚ ਵਿਭਿੰਨ ਖੋਜ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਭਾਰਤ ਸਰਕਾਰ ਦੁਆਰਾ ਸਮੱਰਥਿਤ ਕੀਤਾ ਜਾ ਰਿਹਾ ਹੈ। ਉਦਾਹਰਣ ਵਜੋਂ, ਹੈਦਰਾਬਾਦ ਵਿੱਚ 40 ਦੇ ਕਰੀਬ ਅਜਿਹੀਆਂ ਵੱਡੀਆਂ ਸੰਸਥਾਵਾਂ ਹਨ। ਅਜਿਹੇ 9 ਸ਼ਹਿਰਾਂ ਵਿੱਚ, ਅਸੀਂ ਰਸਮੀ ਛਤਰੀ ਢਾਂਚਿਆਂ ਦਾ ਨਿਰਮਾਣ ਕਰਾਂਗੇ ਤਾਂ ਜੋ ਇਨ੍ਹਾਂ ਸੰਸਥਾਵਾਂ ਵਿੱਚ ਆਪਣੀ ਆਪਸੀ ਖੁਦਮੁਖਤਿਆਰੀ ਨੂੰ ਬਰਕਰਾਰ ਰੱਖਣ ਦੇ ਨਾਲ ਨਾਲ ਹੋਰ ਵਧੀਆ ਤਾਲਮੇਲ ਬਣਾਇਆ ਜਾ ਸਕੇ। ਇਸ ਮੰਤਵ ਲਈ ਇੱਕ ਗਲੂ ਗਰਾਂਟ ਰੱਖੀ ਜਾਵੇਗੀ।

46. ਲੱਦਾਖ ਵਿੱਚ ਪਹੁੰਚਯੋਗ ਉੱਚ ਸਿੱਖਿਆ ਲਈ, ਮੈਂ ਲੇਹ ਵਿੱਚ ਇੱਕ ਕੇਂਦਰੀ ਯੂਨੀਵਰਸਿਟੀ ਸਥਾਪਤ ਕਰਨ ਦਾ ਪ੍ਰਸਤਾਵ ਰੱਖਦੀ ਹਾਂ।

47. ਐੱਨਈਪੀ ਦੇ ਹਿੱਸੇ ਵਜੋਂ ਲਏ ਜਾਣ ਵਾਲੇ ਹੋਰ ਮਹੱਤਵਪੂਰਣ ਪ੍ਰੋਜੈਕਟਾਂ ਦੀ ਸੂਚੀ ਅਨੁਬੰਧ V ਵਿੱਚ ਦਿੱਤੀ ਗਈ ਹੈ।

***ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀ ਭਲਾਈ***

48. ਅਸੀਂ ਆਪਣੇ ਕਬਾਇਲੀ ਖੇਤਰਾਂ ਵਿੱਚ 750 ਏਕਲੱਵਯ ਮਾਡਲ ਰਿਹਾਇਸ਼ੀ ਸਕੂਲ ਸਥਾਪਤ ਕਰਨ ਦਾ ਟੀਚਾ ਰੱਖਿਆ ਹੈ। ਮੈਂ ਹਰ ਸਕੂਲ ਦੀ ਇਕਾਈ ਦੀ ਲਾਗਤ 20 ਕਰੋੜ ਰੁਪਏ ਤੋਂ ਵਧਾ ਕੇ 38 ਕਰੋੜ ਰੁਪਏ ਕਰਨ, ਅਤੇ ਪਹਾੜੀ ਅਤੇ ਕਠਿਨ ਖੇਤਰਾਂ ਲਈ 48 ਕਰੋੜ ਰੁਪਏ ਕਰਨ ਦਾ ਪ੍ਰਸਤਾਵ ਰੱਖਦੀ ਹਾਂ। ਇਹ ਸਾਡੇ ਆਦਿਵਾਸੀ ਵਿਦਿਆਰਥੀਆਂ ਲਈ ਮਜ਼ਬੂਤ ਬੁਨਿਆਦੀ ਢਾਂਚੇ ਦੀਆਂ ਸੁਵਿਧਾਵਾਂ ਦੀ ਉਸਾਰੀ ਕਰਨ ਵਿੱਚ ਸਹਾਇਤਾ ਕਰੇਗਾ।

2. ਅਸੀਂ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਮੁੜ ਸੁਰਜੀਤ ਕੀਤਾ ਹੈ। ਇਸ ਸਬੰਧ ਵਿੱਚ ਮੈਂ ਕੇਂਦਰੀ ਸਹਾਇਤਾ ਵਿੱਚ ਵੀ ਵਾਧਾ ਕੀਤਾ ਹੈ। ਅਸੀਂ 2025-26 ਤੱਕ 6 ਸਾਲਾਂ ਦੀ ਅਵਧੀ ਦੇ ਲਈ 4 ਕਰੋੜ ਅਨੁਸੂਚਿਤ ਜਾਤੀ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਲਈ 35,219 ਕਰੋੜ ਰੁਪਏ ਅਲਾਟ ਕਰ ਰਹੇ ਹਾਂ।

**ਕੌਸ਼ਲ**

3. ਸਾਲ 2016 ਵਿੱਚ, ਅਸੀਂ ਇੱਕ ਰਾਸ਼ਟਰੀ ਅਪ੍ਰੈਂਟਿਸਸ਼ਿਪ ਪ੍ਰਮੋਸ਼ਨ ਸਕੀਮ ਦੀ ਸ਼ੁਰੂਆਤ ਕੀਤੀ ਸੀ।ਸਰਕਾਰ ਅਪ੍ਰੈਂਟਿਸਸ਼ਿਪ ਐਕਟ ਵਿੱਚ ਸੋਧ ਕਰਨ ਦਾ ਪ੍ਰਸਤਾਵ ਰੱਖਦੀ ਹੈ ਤਾਂ ਜੋ ਸਾਡੇ ਨੌਜਵਾਨ, ਸਿਖਲਾਈ ਦੇ ਵਧੇਰੇ ਮੌਕੇ ਪ੍ਰਾਪਤ ਕਰ ਸਕਣ। ਅਸੀਂ ਸਿੱਖਿਆ ਉਪਰੰਤ ਅਪ੍ਰੈਂਟਿਸਸ਼ਿਪਇੰਜੀਨੀਅਰਿੰਗ , ਵਿੱਚ ਡਿਗਰੀ ਅਤੇ ਡਿਪਲੋਮਾ ਧਾਰਕਾਂ ਲਈ ਮੌਜੂਦਾ ਨੈਸ਼ਨਲ ਅਪ੍ਰੈਂਟਿਸਸ਼ਿਪ ਟ੍ਰੇਨਿੰਗ ਸਕੀਮ ਨੂੰ ਨਵਾਂ ਰੂਪ ਦੇਣਾ ਚਾਹੁੰਦੇ ਹਾਂ। ਇਸ ਦੇ ਲਈ 3,000 ਕਰੋੜ ਰੁਪਏ ਉਪਲੱਬਧ ਕਰਵਾਏ ਜਾਣਗੇ।

4.ਸੰਯੁਕਤ ਅਰਬਅਮੀਰਾਤ ਦੇ ਨਾਲ ਭਾਗੀਦਾਰੀ ਕਰਕੇ ਹੁਨਰ ਯੋਗਤਾਮੁਲਾਂਕਣ ਅਤੇ ਪ੍ਰਮਾਣੀਕਰਣ ਦੇ ਘੱਟੋ ਘੱਟ ਮਾਪਦੰਡ , ਤਿਆਰ ਕਰਨ ਦੇ ਨਾਲ ਨਾਲ ਪ੍ਰਮਾਣਿਤ ਵਰਕਫੋਰਸ ਨੂੰ ਰੋਜ਼ਗਾਰ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਰਤ ਅਤੇ ਜਪਾਨ ਦਰਮਿਆਨ ਸਾਡਾਇੱਕ ਇੰਟਰਐਕਟਿਵ ਟ੍ਰੇਨਿੰਗ ਇੰਟਰ ਟ੍ਰੇਨਿੰਗ ਪ੍ਰੋਗਰਾਮ ਵੀ ਚਲ ਰਿਹਾ ਹੈ ਤਾਂ ਜੋ ਅਸੀਂ ਜਾਪਾਨ ਦੇ ਉਦਯੋਗਿਕ

ਅਤੇ ਵਪਾਰਕ ਹੁਨਰਾਂ, ਟੈਕਨੋਲੋਜੀ ਅਤੇ ਗਿਆਨ ਤੋਂ ਲਾਭ ਲੈ ਸਕੀਏ। ਅਸੀਂ ਦੂਜੇ ਦੇਸ਼ਾਂ ਨਾਲ ਵੀ ਇਸੇ ਤਰ੍ਹਾਂ ਦੇ ਪ੍ਰਯਤਨ ਕਰਨ ਵਾਲੇ ਹਾਂ।

**ਇਨੋਵੇਸ਼ਨ ਅਤੇ ਖੋਜ ਤੇ ਵਿਕਾਸ**

5. ਆਪਣੇ ਜੁਲਾਈ 2019 ਦੇ ਬਜਟ ਭਾਸ਼ਣ ਵਿੱਚ, ਮੈਂ ਇੱਕ ਨੈਸ਼ਨਲ ਰਿਸਰਚ ਫਾਉਂਡੇਸ਼ਨ ਦੀ ਘੋਸ਼ਣਾ ਕੀਤੀ ਸੀ। ਹੁਣ ਅਸੀਂ ਇਨ੍ਹਾਂ 5 ਸਾਲਾਂ ਵਿੱਚ ਇਸ ਐੱਨਆਰਐੱਫ ਦੀ50,000 ਕਰੋੜ ਰੁਪਏ ਦੇ ਨਾਲ ਕਾਰਜ ਪ੍ਰਣਾਲੀ-ਤਿਆਰ ਕੀਤੀ ਹੈ। ਇਹ ਦੇਸ਼ ਦੀ ਸਮੁੱਚੀ ਖੋਜ ਵਿਵਸਥਾ ਨੂੰ ਮਜ਼ਬੂਤ ਕਰੇਗੀ ਅਤੇ ਪਹਿਚਾਣ ਕੀਤੇ ਗਏ ਅਤੇ ਰਾਸ਼ਟਰੀ ਤਰਜੀਹ ਵਾਲੇ ਖੇਤਰਾਂ 'ਤੇ ਫੋਕਸ ਕੀਤਾ ਜਾ ਸਕੇਗਾ।

6. ਹਾਲ ਹੀ ਵਿੱਚ, ਡਿਜੀਟਲ ਭੁਗਤਾਨ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਇਸ ਡਿਜੀਟਲ ਲੈਣਦੇਣ- ਨੂੰ ਹੋਰ ਹੁਲਾਰਾ ਦੇਣ ਲਈ, ਅਸੀਂ ਇੱਕ ਪ੍ਰਸਤਾਵਿਤ ਯੋਜਨਾ ਲਈ 1,500 ਕਰੋੜ ਰੁਪਏ ਰੱਖੇ ਹਨ ਜਿਸ ਨਾਲ ਡਿਜੀਟਲ ਮੋਡ ਵਿੱਚ ਭੁਗਤਾਨ ਕਰਨ ਲਈ ਵਿੱਤੀ ਪ੍ਰੋਤਸਾਹਨ ਦਿੱਤਾ ਜਾ ਸਕੇਗਾ।

7. ਅਸੀਂ ਇੱਕ ਨਵੀਂ ਪਹਿਲ ਐ) ਰਾਸ਼ਟਰੀ ਭਾਸ਼ਾ ਅਨੁਵਾਦ ਮਿਸ਼ਨ -ੱਨਟੀਐੱਲਐੱਮ( ਸ਼ੁਰੂ ਕਰਨ ਵਾਲੇ ਹਾਂ। ਇਸਦੇ ਨਾਲ, ਸ਼ਾਸਨ ਅਤੇ ਨੀਤੀ ਨਾਲ ਜੁੜੇ ਗਿਆਨ ਨੂੰ ਇੰਟਰਨੈਟ ’ਤੇ ਭਾਰਤ ਦੀਆਂ ਪ੍ਰਮੁੱਖ ਭਾਸ਼ਾਵਾਂ ਵਿੱਚ ਉਪਲੱਬਧ ਕੀਤਾ ਜਾਵੇਗਾ।

8. ਨਿਊਸਪੇਸ ਇੰਡੀਆ ਲਿਮਿਟਡ ਐ)ੱਨਐੱਸਆਈਐੱਲ(, ਜੋ ਕਿ ਪੁਲਾੜ ਵਿਭਾਗ ਦਾ ਇੱਕਪਬਲਿਕ ਪ੍ਰਤਿਸ਼ਠਾਨ ਹੈ, ਪੀਐੱਸਐੱਲਬੀਸੀਐ-ੱਸ 51 ਨੂੰਲਾਂਚ ਕਰੇਗਾਜੋ ਆਪਣੇ ਨਾਲ ਬ੍ਰਾਜ਼ੀਲ ਦਾ ਐਮਾਜ਼ੋਨਿਆ ਉਪਗ੍ਰਹਿ ਵੀ ਲੈ ਜਾਵੇਗਾ ਅਤੇ ਭਾਰਤ ਦੇ ਕੁਝ ਛੋਟੇ ਉਪਗ੍ਰਹਿ ਵੀ ਲੈ ਕੇ ਜਾਵੇਗਾ।

9. ਗਗਨਯਾਨ ਮਿਸ਼ਨ ਦੀਆਂ ਗਤੀਵਿਧੀਆਂ ਤੋਂ ਇਲਾਵਾ, ਭਾਰਤ ਦੇ ਚਾਰ ਪੁਲਾੜ ਯਾਤਰੀਆਂ ਨੂੰ ਰੂਸ ਵਿੱਚ ਜੈਨਰਿਕ ਸਪੇਸ ਫਲਾਈਟ ਦੇ ਪਹਿਲੂਆਂ ਬਾਰੇ ਸਿਖਲਾਈ ਦਿੱਤੀ ਜਾ ਰਹੀ ਹੈ। ਪਹਿਲੀ ਮਨੁੱਖ ਰਹਿਤ ਲਾਂਚ ਦਸੰਬਰ,2021 ਵਿੱਚ ਹੋਣ ਵਾਲੀ ਹੈ।

10. ਸਾਡੇ ਸਮੁੰਦਰਜੈਵਿਕਵਿਗਿਆਨਕ ਸਰੋਤਾਂ ਦ-ਜੈਵਿਕ ਅਤੇ ਗੈਰ ,ਾ ਭੰਡਾਰ ਹਨ। ਇਸ ਵਿਵਸਥਾ ਨੂੰ ਬਿਹਤਰ ਢੰਗ ਨਾਲ ਸਮਝਣ ਲਈ, ਅਸੀਂ ਇੱਕ ਗਹਿਰਾ ਸਮੁੰਦਰੀ ਮਿਸ਼ਨ ਸ਼ੁਰੂ ਕਰਨ ਜਾ ਰਹੇ ਹਾਂ ਜਿਸ ਵਾਸਤੇ ਅਗਲੇ ਪੰਜ ਸਾਲਾਂ ਲਈ 4,000 ਕਰੋੜ ਰੁਪਏ ਦੀ ਬਜਟ ਵਿਵਸਥਾ ਕੀਤੀ ਗਈ ਹੈ।ਇਸ ਮਿਸ਼ਨ ਵਿੱਚ ਡੂੰਘੇ ਸਮੁੰਦਰ ਦੇ ਸਰਵੇਖਣ, ਖੋਜ ਕਾਰਜਾਂ ਅਤੇ ਡੂੰਘੇ ਸਮੁੰਦਰ ਦੀ ਜੈਵ- ਵਿਭਿੰਨਤਾ ਦੀ ਸੰਭਾਲ ਦੇ ਪ੍ਰੋਜੈਕਟਾਂ ਨੂੰ ਸ਼ਾਮਲ ਕੀਤਾ ਗਿਆ ਹੈ।

**ਨਿਊਨਤਮ ਸਰਕਾਰ, ਅਧਿਕਤਮ ਸ਼ਾਸਨ**

11. ਸਪੀਕਰ ਮਹੋਦਯ, ਹੁਣ ਮੈਂ ਛੇ ਥੰਮ੍ਹਾਂ ਵਿੱਚੋਂ ਅਖੀਰਲੇ ਥੰਮ੍ਹ ’ਤੇ ਆਉਂਦੀ ਹਾਂ। ਇਹ ਸਾਡੇ ਪ੍ਰਮੁੱਖ ਸਿਧਾਂਤਾਂ ਵਿਚੋਂ ਇੱਕਸਿਧਾਂਤ– ਨਿਊਨਤਮ ਸਰਕਾਰ, ਅਧਿਕਤਮ ਸ਼ਾਸਨ ਵਿੱਚ ਸੁਧਾਰਾਂ ਲਈ ਯੋਜਨਾਵਾਂ ਦੀ ਰੂਪਰੇਖਾ ਪ੍ਰਸਤੁਤ ਕਰੇਗਾ।

12. ਅਸੀਂ ਪਿਛਲੇ ਛੇ ਸਾਲਾਂ ਵਿੱਚ ਜਲਦੀ ਨਿਆਂ ਪ੍ਰਦਾਨ ਕਰਨ ਲਈ ਟ੍ਰਿਬਿਊਨਲਾਂ ਦੇ ਕੰਮਕਾਜ ਵਿੱਚ ਸੁਧਾਰ ਲਈ ਕਈ ਕਦਮ ਚੁੱਕੇ ਹਨ। ਸੁਧਾਰ ਪ੍ਰਕਿਰਿਆ ਨੂੰ ਜਾਰੀ ਰੱਖਦਿਆਂ, ਮੈਂ ਹੁਣ ਟ੍ਰਿਬਿਊਨਲਾਂ ਦੇ ਕੰਮਕਾਜ ਨੂੰ ਤਰਕਸੰਗਤ ਬਣਾਉਣ ਲਈ ਹੋਰ ਉਪਰਾਲੇ ਕਰਨ ਦਾ ਪ੍ਰਸਤਾਵ ਰੱਖਦੀ ਹਾਂ।

13. ਅਸੀਂ 56 ਅਲਾਈਡ ਹੈਲਥਕੇਅਰ ਪ੍ਰੋਫੈਸ਼ਨਜ਼ ਦੇ ਪਾਰਦਰਸ਼ੀ ਅਤੇ ਕੁਸ਼ਲ ਰੈਗੂਲੇਸ਼ਨ ਨੂੰ ਸੁਨਿਸ਼ਚਿਤ ਕਰਨ ਦੇ ਉਦੇਸ਼ ਨਾਲ ਰਾਸ਼ਟਰੀ ਅਲਾਈਡ ਹੈਲਥਕੇਅਰ ਪ੍ਰੋਫੈਸ਼ਨਲ ਕਮਿਸ਼ਨ ਬਿਲ ਨੂੰ ਸੰਸਦ ਵਿੱਚ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ, ਨਰਸਿੰਗ ਪੇਸ਼ੇ ਵਿੱਚ ਪਾਰਦਰਸ਼ਿਤਾ, ਕੁਸ਼ਲਤਾ ਅਤੇ ਪ੍ਰਸ਼ਾਸਨ ਵਿੱਚ ਸੁਧਾਰ ਲਿਆਉਣ ਲਈ ਸਰਕਾਰ ਦੁਆਰਾ ਨੈਸ਼ਨਲ ਨਰਸਿੰਗ ਐਂਡ ਮਿਡਵਾਈਫਰੀ ਕਮਿਸ਼ਨ ਬਿਲ ਵੀ ਪਾਸ ਕਰਾਉਣ ਲਈ ਪੇਸ਼ ਕੀਤਾ ਜਾਵੇਗਾ।

14. ਉਨ੍ਹਾਂ ਲੋਕਾਂ ਦੇ ਕਾਰੋਬਾਰ ਦੀ ਸੌਖ ਲਈ ਜੋ ਸਰਕਾਰ ਜਾਂ ਸੀਪੀਐੱਸਸੀਜ਼ ਨਾਲ ਲੈਣਦੇਣ ਕਰਦੇ ਹਨ, ਅਤੇ ਅਨੁਬੰਧ ਕਰਦੇ ਹਨ, ਮੈਂ ਸੁਲ੍ਹਾ ਵਿਵਸਥਾ ਸਥਾਪਤ ਕਰਨਅਤੇ ਇਸ ਦਾਅਨੁਬੰਧਾਂ ਸਬੰਧੀ ਝਗੜਿਆਂ ਦੇ ਤੇਜ਼ੀ ਨਾਲ ਸਮਾਧਾਨ ਕਰਨ ਵਾਸਤੇ ਉਪਯੋਗ ਕਰਨ ਦਾ ਪ੍ਰਸਤਾਵ ਦਿੰਦੀ ਹਾਂ । ਇਸ ਨਾਲ ਗੈਰ ਸਰਕਾਰੀ ਨਿਵੇਸ਼ਕਾਂ ਅਤੇ ਠੇਕੇਦਾਰਾਂ ਦਾ ਵਿਸ਼ਵਾਸ ਵਧੇਗਾ।

15. ਆਗਾਮੀ ਜਨਗਣਨਾ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਡਿਜੀਟਲ ਜਨਗਣਨਾ ਹੋਵੇਗੀ। ਮੈਂ ਇਸ ਮਹੱਤਵਪੂਰਨ ਅਤੇ ਮੀਲ ਪੱਥਰ ਸਾਬਤ ਹੋਣ ਵਾਲੇ ਕਾਰਜ ਲਈ ਸਾਲ 2021-22 ਵਿੱਚ 3,768 ਕਰੋੜ ਰੁਪਏ ਐਲੋਕੇਟ ਕੀਤੇ ਹਨ।

16. ਗੋਆ, ਪੁਰਤਗਾਲੀ ਸ਼ਾਸਨ ਤੋਂ ਆਜ਼ਾਦੀ ਦਾ ਡਾਇਮੰਡ ਜੁਬਲੀ ਸਾਲ ਮਨਾ ਰਿਹਾ ਹੈ। ਭਾਰਤ ਸਰਕਾਰ ਦੀ ਤਰਫੋਂ, ਮੈਂ ਗੋਆ ਸਰਕਾਰ ਨੂੰ ਆਯੋਜਨਾਂ ਲਈ 300 ਕਰੋੜ ਰੁਪਏ ਦੀ ਗਰਾਂਟ ਦੇਣ ਦਾ ਪ੍ਰਸਤਾਵ ਰੱਖਦੀ ਹਾਂ।

17. ਮੈਂ ਚਾਹ ਵਰਕਰਾਂ, ਖ਼ਾਸ ਕਰਕੇ ਅਸਾਮ ਅਤੇ ਪੱਛਮੀ ਬੰਗਾਲ ਵਿੱਚ ਮਹਿਲਾ ਵਰਕਰਾਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਭਲਾਈ ਲਈ 1000 ਕਰੋੜ ਰੁਪਏ ਦੇਣ ਦਾ ਪ੍ਰਸਤਾਵ ਰੱਖਦੀ ਹਾਂ। ਉਸ ਲਈ ਇੱਕ ਵਿਸ਼ੇਸ਼ ਯੋਜਨਾ ਬਣਾਈ ਜਾਏਗੀ।

**ਵਿੱਤੀ ਸਥਿਤੀ**

18. ਮੇਰੇ ਭਾਸ਼ਣ ਦੇ ਭਾਗ ਏ ਦੇ ਇਨ੍ਹਾਂ ਕੁਝ ਅੰਤਿਮ ਪੈਰਾਗ੍ਰਾਫਾਂ ਵਿੱਚ, ਮੈਂ ਇਸ ਪ੍ਰਤਿਸ਼ਠਿਤ ਸਦਨ ਦਾ ਧਿਆਨ ਇਸ ਤੱਥ ਵੱਲ ਖਿੱਚਣਾ ਚਾਹੁੰਦੀ ਹਾਂ ਕਿ ਮੌਜੂਦਾ ਵਿੱਤੀ ਵਰ੍ਹੇ ਦੀ ਸ਼ੁਰੂਆਤ ਵਿੱਚ, ਅਰਥਵਿਵਸਥਾ 'ਤੇ ਮਹਾਮਾਰੀ ਦੇ ਪ੍ਰਭਾਵ ਦੇ ਨਤੀਜੇ ਵਜੋਂ ਰੈਵਨਿਊ ਦੀ ਆਮਦ ਘੱਟ ਰਹੀ ਹੈ।ਸਮਾਜ ਦੇ ਰਾਖਵੇਂ ਵਰਗਾਂ, ਖਾਸ ਕਰਕੇ ਗਰੀਬ ਲੋਕਾਂ, ਮਹਿਲਾਵਾਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਜ਼ਰੂਰੀ ਰਾਹਤ ਪ੍ਰਦਾਨ ਕਰਨ ਲਈ ਹੋਏ ਬਹੁਤ ਜ਼ਿਆਦਾ ਖਰਚੇ ਦਾ ਵੀ ਵਿੱਤੀ ਸਥਿਤੀ ਉੱਤੇ ਪ੍ਰਭਾਵ ਪਿਆ।

19. ਕਈ ਹੋਰਨਾਂ ਦੇਸ਼ਾਂ ਦੇ ਉਲਟ, ਅਸੀਂ ਮਹਾਮਾਰੀ ਦੇ ਦੌਰਾਨ ਦਰਮਿਆਨੇ ਆਕਾਰ ਦੇ ਪੈਕੇਜਾਂ ਦੀ ਲੜੀ ਦਾ ਰਸਤਾ ਚੁਣਿਆ ਤਾਂ ਜੋ ਅਸੀਂ ਬਦਲ ਰਹੀ ਸਥਿਤੀ ਦੇ ਅਨੁਸਾਰ ਆਪਣੀ ਪ੍ਰਤਿਕਿਰਿਆ ਨੂੰ ਟਾਰਗੇਟ ਕਰ ਸਕੀਏ। ਜਿਓਂ ਹੀ ਸਿਹਤ ਦੀ ਸਥਿਤੀ ਸਥਿਰ ਹੋ ਗਈ, ਅਤੇ ਹੌਲੀ ਹੌਲੀ ਲੌਕਡਾਊਨ ਵੀ ਉੱਠਣ ਲੱਗਾ, ਅਸੀਂ ਸਰਕਾਰੀ ਖਰਚਿਆਂ ਨੂੰ ਵਧਾਉਣਾ ਸ਼ੁਰੂ ਕੀਤਾ ਤਾਂ ਜੋ ਘਰੇਲੂ ਮੰਗ ਵਿੱਚ ਜਾਨ ਪਾਈ ਜਾ ਸਕੇ।ਇਸ ਦੇ ਨਤੀਜੇ ਵਜੋਂ, ਸਾਲ 2020-ਦੇ ਲਈ30 21.ਲੱਖ ਕਰੋੜ ਰੁਪਏ ਦੇ ਕੁੱਲ ਬਜਟ 42 ਅਨੁਮਾਨ ਖਰਚ ਦੀ ਤੁਲਨਾ ਵਿੱਚਸਾਡਾ ਸੋਧਿਆ ਅਨੁਮਾਨ ਆਕਲਨ 34.50ਲੱਖ ਕਰੋੜ ਰੁਪਏ ਹੈ।ਅਸੀਂ ਖਰਚ ਦੀ ਕੁਆਲਟੀ

ਬਣਾਈ ਰੱਖੀ ਹੈ। ਪੂੰਜੀਗਤ ਖਰਚ ਦੇ ਬਜਟ ਅਨੁਮਾਨ 2020-ਵਿ 21ੱਚ 4.ਲੱਖ ਕਰੋੜ ਰੁਪਏ ਦੀ ਤੁਲਨਾ ਵਿੱਚ ਸਅ 12 2020 ਅਨੁਮਾਨ-4 ਵਿੱਚ 21. ਹੋਣ ਦਾ ਅਨੁਮਾਨ ਲਗਾਇਆ ਗਿਆ ਹੈ। .ਲੱਖ ਕਰੋੜ ਰੁ 39

20. ਰੀਵਾਈਜ਼ਡ ਐਸਟੀਮੇਟ 2020-21 ਵਿੱਚਵਿੱਤੀ ਘਾਟਾ ਜੀਡੀਪੀ ਦੇ 9.5 ਪ੍ਰਤੀਸ਼ਤ 'ਤੇ ਨਿਰਧਾਰਿਤ ਕੀਤਾ ਗਿਆ ਹੈ। ਅਸੀਂ ਇਸ ਦੀ ਸਰਕਾਰੀ ਉਧਾਰ, ਬਹੁਪੱਖੀ ਉਧਾਰ, ਲਘੂ ਬਚਤ ਫੰਡਾਂ ਅਤੇ ਅਲਪਕਾਲੀ- ਕਰਜ਼ਿਆਂ ਰਾਹੀਂ ਫੰਡਿੰਗ ਕੀਤੀ ਹੈ। ਸਾਨੂੰ ਹੋਰ 80,000 ਕਰੋੜ ਰੁਪਏ ਦੀ ਜ਼ਰੂਰਤ ਹੋਏਗੀ, ਜਿਸ ਦੇ ਲਈ ਅਸੀਂ ਇਨ੍ਹਾਂ 2 ਮਹੀਨਿਆਂ ਵਿੱਚ ਮਾਰਕੀਟ ਨਾਲ ਸੰਪਰਕ ਕਰਾਂਗੇ।ਇਹ ਸੁਨਿਸ਼ਚਿਤ ਕਰਨ ਲਈ ਕਿ ਆਰਥਿਕਤਾ ਨੂੰ ਲੋੜੀਂਦੀ ਤਾਕਤ ਮਿਲ ਸਕੇ, 2021-22 ਵਿੱਚ ਖਰਚਿਆਂ ਲਈ ਸਾਡਾ ਬੀਈ ਅੰਦਾਜ਼ਾ 34.83 ਲੱਖ ਕਰੋੜ ਰੁਪਏ ਹੈ।ਇਸ ਵਿੱਚ 5.54 ਲੱਖ ਕਰੋੜ ਰੁਪਏ ਪੂੰਜੀਗਤ ਖਰਚੇ ਵਜੋਂ ਸ਼ਾਮਲ ਹਨ। ਇਸ ਤਰ੍ਹਾਂ, 2020-21 ਦੇ ਬੀਈ ਅੰਕੜਿਆਂ ਵਿੱਚ 34.5 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਬੀਈ 2021-22 ਵਿੱਚ ਵਿੱਤੀ ਘਾਟਾ ਜੀਡੀਪੀ ਦਾ 6.8 ਪ੍ਰਤੀਸ਼ਤ ਹੋਣ ਦਾ ਅਨੁਮਾਨ ਹੈ। ਅਗਲੇ ਸਾਲ ਬਾਜ਼ਾਰ ਤੋਂ ਕੁਲ ਉਧਾਰ ਲਗਭਗ 12 ਲੱਖ ਕਰੋੜ ਰੁਪਏ ਹੋਵੇਗਾ। ਸਾਡੀ ਯੋਜਨਾ ਹੈ ਕਿ ਰਾਜਕੋਸ਼ ਜੁਟਾਉਣ ਦੇ ਆਪਣੇ ਰਸਤੇ 'ਤੇ ਚਲਦੇ ਰਹੀਏ, ਅਤੇ ਵਿੱਤੀ ਘਾਟੇ ਦੇ ਪੱਧਰ ਨੂੰ ਘਟਾ ਕੇ 2025- ਤੱਕ 26 ਦੀ ਅਵਧੀ ਦੇ ਦੌਰਾਨ ਜੀਡੀਪੀ ਨੂੰ 4.5 ਪ੍ਰਤੀਸ਼ਤ ਕਰਨ ਦੀ ਕੋਸ਼ਿਸ਼ ਕਰੀਏ।ਅਸੀਂ ਪਹਿਲਾਂ ਬਿਹਤਰ ਅਨੁਪਾਲਣ ਦੁਆਰਾ ਟੈਕਸ ਰਾਜਸਵ ਵਿੱਚ ਉੱਛਾਲ ਲਿਆ ਕੇ , ਅਤੇ ਦੂਜੇ ਅਸਾਸਿਆਂ ਜਿਨ੍ਹਾਂ ਵਿੱਚ ਕਿ ,ਜਨਤਕ ਉੱਦਮ ਅਤੇ ਜ਼ਮੀਨਾਂ ਸ਼ਾਮਿਲ ਹਨ ,ਦੇ ਮੁਦਰੀਕਰਨ ਤੋਂ ਪ੍ਰਾਪਤੀਆਂ ਵਧਾ ਕੇ ਕੰਸੋਲੀਡੇਸ਼ਨ ਹਾਸਲ ਕਰਨ ਦੀ ਉਮੀਦ ਕਰਦੇ ਹਾਂ। ਇਸ ਬਿਲ ਦੇ ਜ਼ਰੀਏ ਇੰਡੀਅਨ ਕੰਟੀਜੈਂਸੀ ਫੰਡ ਨੂੰ 500 ਕਰੋੜ ਰੁਪਏ ਤੋਂ ਵਧਾ ਕੇ 30,000 ਕਰੋੜ ਰੁਪਏ ਕੀਤਾ ਜਾ ਰਿਹਾ ਹੈ।

21. 15 ਵੇਂ ਵਿੱਤ ਕਮਿਸ਼ਨ ਦੀ ਰਾਇ ਅਨੁਸਾਰ, ਅਸੀਂ ਰਾਜਾਂ ਨੂੰ ਕੁੱਲ ਰਾਜ ਘਰੇਲੂ ਉਤਪਾਦ ਦੇ (ਜੀਐਸਡੀਪੀ)4 ਪ੍ਰਤੀਸ਼ਤ 'ਤੇ ਆਮ ਉਧਾਰ ਲੈਣ ਦੀ ਹੱਦ ਨਿਰਧਾਰਤ ਕਰਨ ਦੇ ਰਹੇ ਹਾਂ। ਇਸ ਉੱਚਤਮ ਸੀਮਾ ਦਾ ਕੁਝ ਹਿੱਸਾ ਵਾਧੇ ਵਾਲੇ ਪੂੰਜੀਗਤ ਖਰਚਿਆਂ ਉੱਤੇ ਖਰਚ ਕਰਨ ਲਈ ਨਿਰਧਾਰਤ ਕੀਤਾ ਜਾਵੇਗਾ। ਜੀਐੱਸਡੀਪੀਦੇ 0.5 ਪ੍ਰਤੀਸ਼ਤ ਦੇ ਬਰਾਬਰ ਦੀ ਅਤਿਰਿਕਤ ਉਧਾਰੀ ਉੱਚਤਮ ਸ਼ਰਤਾਂ ਦੇ ਅਧੀਨ ਦਿੱਤੀ ਜਾਵੇਗੀ। ਰਾਜਾਂ ਤੋਂ 15ਵੇਂ ਵਿੱਤ ਕਮਿਸ਼ਨ ਦੀ ਸਿਫ਼ਾਰਸ਼ ਅਨੁਸਾਰ 2023-24 ਤੱਕ ਵਿੱਤੀ ਘਾਟੇ ਨੂੰ ਜੀਐੱਸਡੀਪੀ ਦੇ 3 ਪ੍ਰਤੀਸ਼ਤ ਤੱਕ ਪਹੁੰਚਾਉਣ ਦੀ ਉਮੀਦ ਕੀਤੀ ਜਾਏਗੀ।

22. ਜੁਲਾਈ 2019-20 ਦੇ ਬਜਟ ਵਿੱਚ, ਮੈਂ ਅਤਿਰਿਕਤ ਬਜਟ ਵਾਲੇ ਸਰੋਤਾਂ ਬਾਰੇ ਕਥਨ 27 ਪੇਸ਼ ਕੀਤਾ ਸੀ - ਉਸ ਵਿੱਚ ਸਰਕਾਰੀ ਏਜੰਸੀਆਂ ਦੇ ਉਨ੍ਹਾਂ ਕਰਜ਼ਿਆਂ ਦਾ ਖੁਲਾਸਾ ਕੀਤਾ ਗਿਆ ਸੀ ਜੋ ਭਾਰਤ ਸਰਕਾਰ ਦੀਆਂ ਯੋਜਨਾਵਾਂ ਦੇ ਵਿੱਤਪੋਸ਼ਣ- ਦੀ ਦਿਸ਼ਾ ਵੱਲ ਜਾਂਦੇ ਹਨ, ਅਤੇ ਜਿਨ੍ਹਾਂ ਨੂੰ ਵਾਪਸ ਕਰਨ ਦਾ ਬੋਝ ਸਰਕਾਰ ’ਤੇ ਪੈਂਦਾ ਹੈ।ਆਪਣੇ 2020-21 ਦੇ ਬਜਟ ਵਿੱਚ, ਮੈਂ ਭਾਰਤ ਦੇ ਖੁਰਾਕ ਨਿਗਮ ਨੂੰ ਦਿੱਤੇ ਗਏ ਕਰਜ਼ਿਆਂ ਨੂੰ ਸ਼ਾਮਲ ਕਰਕੇ ਉਸ ਕਥਨ ਦੇ ਸਕੋਪ ਅਤੇ ਕਵਰੇਜ ਦਾ ਵਿਸਤਾਰ ਕਰ ਦਿੱਤਾ ਹੈ।ਇਸ ਦਿਸ਼ਾ ਵਿੱਚ ਇੱਕ ਹੋਰ ਕਦਮ ਚੁੱਕਦੇ ਹੋਏ ਰੀਵਾਈਜ਼ਡ ਐਸਟੀਮੇਟ 2020-21 ਵਿੱਚ ਅਤੇ ਬੀਈ 2021-22 ਵਿੱਚ, ਮੈਂ ਬਜਟ ਵਿਵਸਥਾ ਕਰ ਕੇ ਖੁਰਾਕ ਸਬਸਿਡੀ ਲਈ ਫੂਡ ਕਾਰਪੋਰੇਸ਼ਨ ਆਵ੍ ਇੰਡੀਆ ਨੂੰ ਦਿੱਤੇ ਜਾਣ ਵਾਲੇ ਐੱਨਐੱਸਐੱਸਐੱਫ ਕਰਜ਼ੇ ਨੂੰ ਬੰਦ ਕਰਨ ਦਾ ਪ੍ਰਸਤਾਵ ਕਰਦੀ ਹਾਂ। ਅਤਿਰਿਕਤ ਬਜਟੀ ਸੰਸਾਧਨ ਵੇਰਵਿਆਂ ਨੂੰ ਅਨੁਸੂਚੀ VI ਵਿੱਚ ਦਿੱਤਾ ਗਿਆ ਹੈ।

23. ਅਸੀਂ ਜਾਣਦੇ ਹਾਂ ਕਿ ਐੱਫਆਰਬੀਐੱਮ ਐਕਟ, ਜੀਡੀਪੀ ਦੇ 3 ਪ੍ਰਤੀਸ਼ਤ ਦੇ ਬਰਾਬਰ ਦਾ ਵਿੱਤੀ ਘਾਟਾ 31 ਮਾਰਚ 2020-21 ਤੱਕ ਪ੍ਰਾਪਤ ਕਰਨਾ ਲਾਜ਼ਮੀ ਕਰਦਾ ਹੈ।ਇਸ ਸਾਲ ਦੇ ਲਾਮਿਸਾਲ ਅਤੇ ਅਸੰਭਾਵਿਤ ਹਾਲਾਤਾਂ ਨੇ ਇਹ ਜ਼ਰੂਰੀ ਬਣਾ ਦਿੱਤਾ ਹੈ

ਕਿ ਐੱਫਆਰਬੀਐੱਮ ਐਕਟ ਦੀ ਧਾਰਾ 4 (5) ਅਤੇ 7 (3) (ਬੀ ਦੇ ਤਹਿਤ ਇੱਕ (ਡੈਵੀਏਸ਼ਨ ਸਟੇਟਮੈਂਟ ਦਰਜ ਕੀਤੀ ਜਾਵੇ , ਜਿਸ ਨੂੰ ਮੈਂ ਐੱਫਆਰਬੀਐਮ ਦਸਤਾਵੇਜ਼ਾਂ ਦੇ ਹਿੱਸੇ ਵਜੋਂ ਸਭਾ ਵਿੱਚ ਰੱਖ ਰਹੀ ਹਾਂ।

24. ਆਮ ਰਸਤਾ, ਜਿਸਦਾ ਕਿ ਮੈਂ ਪਹਿਲਾਂ ਹੀ ਜ਼ਿਕਰ ਕਰ ਦਿੱਤਾ ਹੈ, ਦੇ ਨਾਲ ਕੇਂਦਰ ਸਰਕਾਰ ਦੇ ਵਿੱਤੀ ਘਾਟੇ ਨੂੰ ਪੂਰਾ ਕਰਨ ਲਈ ਐੱਫਆਰਬੀਐੱਮ ਐਕਟ ਵਿੱਚ ਸੰਸ਼ੋਧਨ ਪੇਸ਼ ਕਰਾਂਗੀ।

25. 9 ਦਸੰਬਰ, 2020 ਨੂੰ, 15 ਵੇਂ ਵਿੱਤ ਕਮਿਸ਼ਨ ਨੇ 2021- ਦੀ ਅਵਧੀ ਨੂੰ ਕਵਰ ਕਰਦੇ ਹੋਏ 26ਆਪਣੀ ਅੰਤਿਮ ਰਿਪੋਰਟ ਰਾਸ਼ਟਰਪਤੀ ਨੂੰ ਸੌਂਪ ਦਿੱਤੀ। ਸਰਕਾਰ ਨੇ ਕਮਿਸ਼ਨ ਦੀ ਰਿਪੋਰਟਵਿ ,ਆਖਿਆਤਮਕ ਟਿਪਣੀਆਂ ਦੇ ਨਾਲ ਸੰਸਦ ਵਿੱਚ ਪੇਸ਼ ਕੀਤੀ ਹੈ, ਜਿਸ ਵਿੱਚ ਰਾਜਾਂ ਦਾ 41 ਫ਼ੀਸਦੀ ਵਰਟੀਕਲ ਹਿੱਸਾ ਕਾਇਮ ਰੱਖਿਆ ਹੈ। ਅਸੀਂ ਰਾਜਕੋਸ਼ੀ ਸੰਘਵਾਦ ਪ੍ਰਤੀ ਆਪਣੀ ਵਚਨਬੱਧਤਾ ਦੀ ਕਦਰ ਕਰਦੇ ਹਾਂ ਅਤੇ ਇਸ ਲਈ ਇਸ ਸਿਫਾਰਸ਼ ਦੀ ਪਾਲਣਾ ਕਰਨ ਦਾ ਪ੍ਰਸਤਾਵ ਦਿੰਦੇ ਹਾਂ।

14ਵੇਂ ਵਿੱਤ ਕਮਿਸ਼ਨ ਵਿੱਚ ਇੱਕ ਰਾਜ ਹੋਣ ਦੇ ਨਾਤੇ ਜੰਮੂ,ਕਸ਼ਮੀਰ-ਡੈਵੋਲਿਊਸ਼ਨ ਦਾ ਹੱਕਦਾਰ ਸੀ। ਹੁਣ ਕੇਂਦਰ ਦੁਆਰਾ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਫੰਡ ਮੁਹੱਈਆ ਕਰਵਾਏ ਜਾਣਗੇ। ਕਮਿਸ਼ਨ ਦੀ ਸਿਫਾਰਸ਼ 'ਤੇ, ਮੈਂ 2021-22 ਵਿੱਚ17 ਰਾਜਾਂ ਨੂੰ 1,18,452 ਕਰੋੜ ਰੁਪਏ ਮਾਲੀ ਘਾਟਾ ਗ੍ਰਾਂਟ ਪ੍ਰਦਾਨ ਕਰ ਦਿੱਤੀ ਹੈ, ਜਦਕਿ 2020-21 ਵਿੱਚ ਇਸ ਦੇ ਲਈ 14 ਰਾਜਾਂ ਨੂੰ 74,340 ਕਰੋੜ ਰੁਪਏ ਜਾਰੀ ਕੀਤੇ ਗਏ ਸਨ।

ਮੈਂ ਹੁਣ ਆਪਣੇ ਭਾਸ਼ਣ ਦਾ ਭਾਗ ਬੀ ਪ੍ਰਸਤੁਤ ਕਰਾਂਗੀ

**ਭਾਗ ਬੀ**

1. ਮਾਣਯੋਗ ਸਪੀਕਰ, ਇਸ ਸਮੇਂ ਵਿਸ਼ਵ, ਮਹਾਮਾਰੀ ਅਤੇ ਇਸ ਦੇ ਪਰਿਣਾਮਾਂ ਦੀ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਇਨ੍ਹਾਂ ਮੁਸ਼ਕਲ ਸਮਿਆਂ ਵਿੱਚ, ਜਦੋਂ ਕਿ ਬਹੁਤ ਸਾਰੀਆਂ ਅਰਥਵਿਵਸਥਾਵਾਂ ਮੁੜ ਸੁਰਜੀਤੀ ਲਈ ਸੰਘਰਸ਼ ਕਰ ਰਹੀਆਂ ਹਨ, ਸਾਡੇ ਲੋਕਾਂ ਅਤੇ ਸਾਡੇ ਉਦਯੋਗ ਨੇ ਸ਼ਾਨਦਾਰ ਅਨੁਕੂਲਣ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਹੈ।

2. ਜਿਵੇਂ ਕਿ ਮੈਂ ਪਹਿਲਾਂ ਹੀ ਦੱਸਿਆ ਹੈ, ਮਹਾਮਾਰੀ ਦੇ ਬਾਅਦ, ਇੱਕ ਨਵਾਂ ਵਿਸ਼ਵ ਪ੍ਰਬੰਧ ਉੱਭਰਦਾ ਜਾਪਦਾ ਹੈ, ਜਿਸ ਵਿੱਚ ਏਸ਼ੀਆ ਇੱਕ ਪ੍ਰਮੁੱਖ ਅਹੁਦਾ ਸੰਭਾਲਣ ਲਈ ਤਿਆਰ ਹੈ ਅਤੇ ਇਸ ਵਿੱਚ ਭਾਰਤ ਦੀ ਇੱਕ ਲੀਡਿੰਗ ਭੂਮਿਕਾ ਹੋਵੇਗੀ।ਇਸ ਸਥਿਤੀ ਵਿੱਚ, ਸਾਡੀ ਟੈਕਸ ਪ੍ਰਣਾਲੀ ਨੇ ਪਾਰਦਰਸ਼ੀ ਅਤੇ ਕੁਸ਼ਲ ਬਣਨਾ ਹੈ ਅਤੇ ਸਾਡੇ ਦੇਸ਼ ਵਿੱਚ ਨਿਵੇਸ਼ਾਂ ਅਤੇ ਰੋਜ਼ਗਾਰ ਨੂੰ ਉਤਸ਼ਾਹਤ ਕਰਨ ਦੀ ਜ਼ਰੂਰਤ ਹੈ। ਇਸ ਦੇ ਨਾਲ ਹੀ ਸਾਡੇ ਟੈਕਸ ਅਦਾ ਕਰਨ ਵਾਲਿਆਂ 'ਤੇ ਘੱਟੋ ਘੱਟ ਬੋਝ ਪੈਣਾ ਚਾਹੀਦਾ ਹੈ।

இயற்றலும் ஈட்டலுங் காத்தலும் காத்த

வகுத்தலும் வல்ல தரசு.

- திருக்குறள்385

)A King/Ruler is the one who creates and acquires wealth, protects and distributes it for common good.

- -Thirukkural 385(

ਇੱਕ ਰਾਜਾ /ਸ਼ਾਸਕ ਉਹ ਹੁੰਦਾ ਹੈ ਜੋ ਧਨ ਦੀ ਸਿਰਜਣਾ ਅਤੇ ਪ੍ਰਾਪਤੀ ਕਰਦਾ ਹੈਇਸ ਦੀ ਸੰਭਾਲ ਕਰਦਾ ਹੈ , ਅਤੇ ਸਾਂਝੇ ਚੰਗੇ ਕਾਰਜਾਂ ਲਈ ਇਸ ਦਾ ਵਿਤਰਣ ਕਰਦਾ ਹੈ।

## ਪ੍ਰਤੱਖ ਟੈਕਸ ਪ੍ਰਸਤਾਵ

3. ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ, ਸਾਡੀ ਸਰਕਾਰ ਨੇ ਸਾਡੇ ਟੈਕਸਦਾਤਿਆਂ ਅਤੇ ਅਰਥਵਿਵਸਥਾ ਦੇ ਲਾਭ ਲਈ ਪ੍ਰਤੱਖ ਟੈਕਸ ਪ੍ਰਣਾਲੀ ਵਿੱਚ ਸੁਧਾਰਾਂ ਦੀ ਇੱਕ ਲੜੀ ਪੇਸ਼ ਕੀਤੀ ਹੈ। ਮਹਾਮਾਰੀ ਤੋਂ ਕੁਝ ਮਹੀਨੇ ਪਹਿਲਾਂ, ਨਿਵੇਸ਼ਾਂ ਨੂੰ ਆਕਰਸ਼ਿਤ ਕਰਨ ਲਈ ਅਸੀਂ ਆਪਣੇ ਕਾਰਪੋਰੇਟ ਟੈਕਸ ਦੀ ਦਰ ਨੂੰ ਘਟਾ ਦਿੱਤਾ ਜਿਸ ਨਾਲ ਇਹ ਦੁਨੀਆ ਦੇ ਨਿਊਨਤਮ ਕਾਰਪੋਰੇਟ ਟੈਕਸ ਦਰ ਵਾਲੇ ਦੇਸ਼ਾਂ ਵਿੱਚ ਸ਼ਾਮਿਲ ਹੋ ਗਿਆ ਹੈ। ਲਾਭਅੰਸ਼ ਵਿਤਰਣ ਟੈਕਸ ਨੂੰ ਵੀ ਖਤਮ ਕਰ ਦਿੱਤਾ ਗਿਆ। ਛੋਟੇ ਟੈਕਸਦਾਤਾਵਾਂ 'ਤੇ ਟੈਕਸਾਂ ਦਾ ਭਾਰ ਵਧਦੀਆਂ ਛੋਟਾਂ ਕਾਰਨ ਘੱਟ ਹੋਇਆ ਹੈ। ਸਾਲ 2020 ਵਿੱਚ, ਰਿਟਰਨ ਫਾਈਲਰਜ਼ ਦੀ ਸੰਖਿਆ ਰਿਕਾਰਡ ਵਾਧੇ ਨਾਲ 6.48 ਕਰੋੜ' ਤੇ ਪਹੁੰਚ ਗਈ। ਸਾਲ 3 ਵਿੱਚ ਇਹ ਸੰਖਿਆ ਕੇਵਲ 2014.31ਕਰੋੜ ਸੀ।

4. ਸਿੱਧੇ ਟੈਕਸ ਪ੍ਰਸ਼ਾਸਨ ਵਿੱਚ, ਅਸੀਂ ਹਾਲ ਹੀ ਵਿੱਚ ਫੇਸਲੈੱਸ ਅਸੈੱਸਮੈਂਟ ਅਤੇ ਫੇਸਲੈੱਸ ਅਪੀਲ ਪੇਸ਼ ਕੀਤੀ ਸੀ। ਹੁਣ ਮੇਰਾ ਪ੍ਰਯਤਨ ਟੈਕਸ ਪ੍ਰਸ਼ਾਸਨ ਨੂੰ ਸਰਲ ਬਣਾਉਣ, ਟੈਕਸਅਨੁ-ਪਾਲਣਾ ਅਸਾਨ ਬਣਾਉਣ ਅਤੇ ਮੁਕੱਦਮੇਬਾਜ਼ੀ ਨੂੰ ਘਟਾਉਣ ਦਾ ਹੈ।

## ਸੀਨੀਅਰ ਨਾਗਰਿਕਾਂ ਨੂੰ ਰਾਹਤ

5. ਮੈਂ ਆਪਣੇ ਸੀਨੀਅਰ ਨਾਗਰਿਕਾਂ ਨੂੰ ਪ੍ਰਣਾਮ ਕਰ ਕੇ ਸਿੱਧੇ ਟੈਕਸ ਪ੍ਰਸਤਾਵਾਂ ਦੀ ਸ਼ੁਰੂਆਤ ਕਰਦੀ ਹਾਂ। ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਆਪਣੀਆਂ ਕਈ ਬੁਨਿਆਦੀ ਜ਼ਰੂਰਤਾਂ ਦਾ ਤਿਆਗ ਕਰਕੇ ਰਾਸ਼ਟਰ ਨਿਰਮਾਣ ਦੀ ਚੇਸ਼ਠਾ ਕੀਤੀ ਹੈ।

6. ਹੁਣ ਸਾਡੇ ਦੇਸ਼ ਦੀ ਆਜ਼ਾਦੀ ਦੇ 75ਵੇਂ ਵਰ੍ਹੇ ਵਿੱਚ, ਜਦੋਂ ਅਸੀਂ ਨਵੇਂ ਜੋਸ਼ ਅਤੇ ਉਤਸਾਹ ਨਾਲ ਰਾਸ਼ਟਰ ਨਿਰਮਾਣ ਵਿੱਚ ਲੱਗੇ ਹੋਏ ਹਾਂ, ਤਾਂ ਅਸੀਂ ਆਪਣੇ ਸਾਲ ਦੇ ਜਾਂ ਇਸ ਤੋਂ 75ਵੱਧ ਉਮਰ ਦੇ ਨਾਗਰਿਕਾਂ ਦਾ ਟੈਕਸਅਨੁਪਾਲਣਾ - ਬੋਝ ਘੱਟ ਕਰਾਂਗੇ। ਜਿਨ੍ਹਾਂ ਬਜ਼ੁਰਗ ਨਾਗਰਿਕਾਂ ਕੋਲ ਸਿਰਫ ਪੈਨਸ਼ਨ ਅਤੇ ਵਿਆਜ ਤੋਂ ਹੋਣ ਵਾਲੀ ਆਮਦਨੀ ਹੈ, ਮੈਂ ਉਨ੍ਹਾਂ ਨੂੰ ਆਮਦਨ ਟੈਕਸ ਰਿਟਰਨ ਦਾਇਰ ਕਰਨ ਤੋਂ ਛੋਟ ਦੇਣ ਦਾ ਪ੍ਰਸਤਾਵ ਰੱਖਦੀ ਹਾਂ। ਭੁਗਤਾਨ ਕਰਤਾ ਬੈਂਕ ਉਨ੍ਹਾਂ ਦੀ ਆਮਦਨੀ 'ਤੇ ਜ਼ਰੂਰੀ ਟੈਕਸ ਕੱਟ ਲਵੇਗਾ।

## ਆਮਦਨ ਟੈਕਸ ਕਾਰਵਾਈਆਂ ਦੇ ਸਮੇਂ ਵਿੱਚ ਕਮੀ ਲਿਆਉਣਾ

7. ਮਾਣਯੋਗ ਸਪੀਕਰ ਮਹੋਦਯ, ਵਰਤਮਾਨ ਵਿੱਚ ਟੈਕਸ ਨਿਰਧਾਰਨ ਪ੍ਰਕਿਰਿਆ ਸਾਲ ਤੱਕ ਅਤੇ 6ਗੰਭੀਰ ਟੈਕਸ ਧੋਖਾਧੜੀ ਦੇ ਮਾਮਲਿਆਂ ਵਿੱਚ 10 ਸਾਲ ਤੱਕ ਦੁਬਾਰਾ ਖੋਲ੍ਹੀ ਜਾ ਸਕਦੀ ਹੈ। ਨਤੀਜੇ ਵਜੋਂ, ਟੈਕਸਦਾਤਾਵਾਂ ਨੂੰ ਲੰਬੇ ਸਮੇਂ ਲਈ ਅਨਿਸ਼ਚਿਤਤਾ ਦੇ ਘੇਰੇ ਵਿੱਚ ਰਹਿਣਾ ਪੈਂਦਾ ਹੈ।

8. ਇਸ ਲਈ ਮੈਂ ਟੈਕਸ ਨਿਰਧਾਰਨ ਪ੍ਰਕਿਰਿਆ ਨੂੰ ਮੁੜ ਖੋਲ੍ਹਣ ਦੀ ਇਸ ਸਮੇਂ ਸੀਮਾ ਨੂੰ ਮੌਜੂਦਾ 6 ਸਾਲਾਂ ਤੋਂ 3 ਸਾਲ ਕਰਨ ਦਾ ਪ੍ਰਸਤਾਵ ਦਿੰਦੀ ਹਾਂ। ਟੈਕਸ ਚੋਰੀ ਦੇ ਗੰਭੀਰ ਮਾਮਲਿਆਂ ਵਿੱਚ ਵੀ, ਜਿੱਥੇ ਸਿਰਫ ਇੱਕ ਸਾਲ ਵਿੱਚ 50 ਲੱਖ ਜਾਂ ਇਸ ਤੋਂ ਵੱਧ ਆਮਦਨੀ ਨੂੰ ਛੁਪਾਉਣ ਦੇ ਸਬੂਤ ਮਿਲਦੇ ਹਨ, ਦੀ ਟੈਕਸ ਨਿਰਧਾਰਣ ਪ੍ਰਕਿਰਿਆ ਨੂੰ 10 ਸਾਲ ਤਕ ਦੁਬਾਰਾ ਖੋਲ੍ਹਿਆ ਜਾ ਸਕਦਾ ਹੈ। ਇੱਥੋਂ ਤੱਕ ਕਿ ਇਹ ਮੁੜ- ਖੋਲ੍ਹਣ ਦੀ ਪ੍ਰਕਿਰਿਆ ਆਮਦਨ ਟੈਕਸ ਵਿਭਾਗ ਦੇ ਉੱਚ ਪੱਧਰ ਦੇ ਅਧਿਕਾਰੀ, ਪ੍ਰਮੁੱਖ ਚੀਫ ਕਮਿਸ਼ਨਰ ਦੀ ਮਨਜ਼ੂਰੀ ਤੋਂ ਬਾਅਦ ਹੀ ਕੀਤੀ ਜਾ ਸਕਦੀ ਹੈ।

**ਝਗੜਾ ਨਿਵਾਰਨ ਕਮੇਟੀ ਦੀ ਸਥਾਪਨਾ**

9. ਮਾਣਯੋਗ ਸਪੀਕਰ ਮਹੋਦਯ, ਇਹ ਇਸ ਸਰਕਾਰ ਦਾ ਸੰਕਲਪ ਰਿਹਾ ਹੈ ਕਿ ਮੁਕੱਦਮੇਬਾਜ਼ੀ ਨੂੰ ਘੱਟ ਕੀਤਾ ਜਾਵੇ ਜਿਸਨੇ ਕਿ ਜੋ ਮੌਜੂਦਾ ਟੈਕਸ ਪ੍ਰਣਾਲੀ ਨੂੰ ਵਿਗਾੜ ਦਿੱਤਾ ਹੈ।

10. ਸਰਕਾਰ ਟੈਕਸਦਾਤਾਵਾਂ ਨੂੰ ਲੰਬੇ ਸਮੇਂ ਤੋਂ ਲੰਬਿਤ ਪਏ ਵਿਵਾਦਾਂ ਨੂੰ ਨਿਪਟਾਉਣ ਦਾ ਮੌਕਾ ਦੇਣ ਅਤੇ ਸਮੇਂ ਅਤੇ ਸੰਸਾਧਨਾਂ'ਤੇ ਪੈਣ ਵਾਲੇ ਹੋਰ ਦਬਾਅ ਤੋਂ ਉਨ੍ਹਾਂ ਨੂੰ ਰਾਹਤ ਦਿਵਾਉਣ ਲਈ ਪ੍ਰਤੱਖ ਟੈਕਸ ਵਿਵਾਦ ਸੇਵਾ ਵਿਸ਼ਵਾਸ ਸਕੀਮ ਲੈ ਕੇ ਆਈ।ਇਸ ਸਕੀਮ ਨੂੰ ਟੈਕਸਦਾਤਾਵਾਂ ਨੇ ਸਵੀਕਾਰ ਕੀਤਾ ਹੈ ਕਿਉਂਕਿ ,ਜਨਵਰੀ 302021 ਤੱਕ 1 ਲੱਖ ਦਸ ਹਜ਼ਾਰ ਤੋਂ ਵੱਧ ਟੈਕਸਦਾਤਾਵਾਂ ਨੇ 85,000 ਕਰੋੜ ਤੋਂ ਵੱਧ ਦੇ ਟੈਕਸ ਵਿਵਾਦਾਂ ਨੂੰ ਇਸ ਸਕੀਮ ਦੇ ਤਹਿਤ ਨਿਪਟਾਉਣ ਦਾ ਵਿਕਲਪ ਦਿੱਤਾ ਹੈ।

11. ਛੋਟੇ ਟੈਕਸਦਾਤਾਵਾਂ ਲਈ ਮੁਕੱਦਮੇਬਾਜ਼ੀ ਨੂੰ ਹੋਰ ਘਟਾਉਣ ਲਈ, ਮੈਂ ਉਨ੍ਹਾਂ ਲਈ ਇੱਕਵਿਵਾਦ ਸਮਾਧਾਨ ਕਮੇਟੀ ਬਣਾਉਣ ਦਾ ਪ੍ਰਸਤਾਵ ਰੱਖਦੀ ਹਾਂ, ਜੋ ਕਾਰਜਕੁਸ਼ਲਤਾ, ਪਾਰਦਰਸ਼ਿਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਫੇਸਲੈੱਸ ਹੋਏਗੀ।50 ਲੱਖ ਰੁਪਏ ਤੱਕ ਦੀ ਟੈਕਸੇਬਲ ਇਨਕਮ ਅਤੇਲੱਖ ਰੁਪਏ ਤੱਕ ਦੀ 10 ਵਿਵਾਦਿਤ ਆਮਦਨੀ ਵਾਲਾ ਕੋਈ ਵੀ ਵਿਅਕਤੀ ਇਸ ਕਮੇਟੀ ਦੀ ਸਹਾਇਤਾ ਲੈਣ ਦੇ ਯੋਗ ਹੋਵੇਗਾ।

**ਫੇਸਲੈੱਸ ਆਈਟੀਏਟੀ**

12. ਟੈਕਸਅਨੁਪਾਲਣਾ ਨੂੰ ਸਰਲ ਬਣਾਉਣ ਲਈ- ਅਤੇ ਵਿਵੇਕਅਧਿਕਾਰ- ਨੂੰ ਘਟਾਉਣ ਲਈ, ਅਸੀਂ ਟੈਕਸ ਲਗਾਉਣ ਦੀਆਂ ਪ੍ਰਕਿਰਿਆਵਾਂ ਨੂੰ ਫੇਸਲੈੱਸ ਬਣਾਉਣ ਲਈ ਵਚਨਬੱਧ ਹਾਂ। ਸਰਕਾਰ ਨੇ ਇਸ ਸਾਲ ਪਹਿਲਾਂ ਹੀ ਫੇਸਲੈੱਸ ਟੈਕਸਨਿਰਧਾਰਣ - ਅਤੇ ਅਪੀਲ ਨੂੰ ਸ਼ੁਰੂ ਕਰ ਦਿੱਤਾ ਹੈ।

13. ਆਮਦਨ ਕਰ ਅਪੀਲ ਦਾ ਅਗਲਾ ਪੱਧਰ ਇਨਕਮ ਟੈਕਸ ਅਪੀਲੀ ਟ੍ਰਿਬਿਊਨਲ ਹੈ। ਮੈਂ ਹੁਣ ਇਸ ਟ੍ਰਿਬਿਊਨਲ ਨੂੰ ਫੇਸਲੈੱਸ ਬਣਾਉਣ ਦਾ ਪ੍ਰਸਤਾਵ ਪੇਸ਼ ਕਰਦੀ ਹਾਂ। ਅਸੀਂ ਇੱਕ ਰਾਸ਼ਟਰੀ ਫੇਸਲੈੱਸ ਇਨਕਮ ਟੈਕਸ ਅਪੀਲੀ ਟ੍ਰਿਬਿਊਨਲ ਸੈਂਟਰ ਸਥਾਪਤ ਕਰਾਂਗੇ। ਟ੍ਰਿਬਿਊਨਲ ਅਤੇ ਅਪੀਲਕਰਤਾ ਵਿਚਕਾਰ ਸਾਰਾ ਸੰਚਾਰ ਇਲੈਕਟ੍ਰਾਨਿਕ ਹੋਵੇਗਾ। ਜਿੱਥੇ ਵਿਅਕਤੀਗਤ ਸੁਣਵਾਈ ਦੀ ਲੋੜ ਹੋਵੇਗੀ, ਉਹ ਵੀਡੀਓ ਕਾਨਫਰੰਸਿੰਗ ਦੁਆਰਾ ਕੀਤੀ ਜਾਏਗੀ।-

**ਐੱਨਆਰਆਈ ਨੂੰ ਛੋਟ**

14. ਜਦੋਂ ਗੈਰਵਸਨੀਕ ਭਾਰਤੀ ਦੇਸ਼ ਵਾਪਸ ਆਉਂਦੇ ਹਨ-, ਤਾਂ ਉਨ੍ਹਾਂ ਦੇ ਵਿਦੇਸ਼ੀ ਰਿਟਾਇਰਮੈਂਟ ਖਾਤਿਆਂ ਵਿੱਚ ਉਨ੍ਹਾਂ ਦੀ ਕਮਾਈ ਆਮਦਨੀ ਦੇ ਸੰਬੰਧ ਵਿੱਚ ਸਮੱਸਿਆਵਾਂ ਹੁੰਦੀਆਂ ਹਨ। ਇਹ ਆਮ ਤੌਰ 'ਤੇ ਟੈਕਸ ਲਗਾਉਣ ਦੀ ਮਿਆਦ ਵਿੱਚ ਮੇਲ ਨਾ ਹੋਣ ਕਾਰਨ ਹੁੰਦਾ ਹੈ। ਉਨ੍ਹਾਂ ਨੂੰ ਵਿਦੇਸ਼ੀ ਅਧਿਕਾਰ ਖੇਤਰਾਂ ਵਿੱਚ ਭਾਰਤੀ ਟੈਕਸਾਂ ਦਾ ਲਾਹਾ ਲੈਣ ਵਿੱਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੈਂ ਉਨ੍ਹਾਂ ਦੇ ਟੈਕਸਾਂ ਦੀ ਮੁਸ਼ਕਲ ਨੂੰ ਦੂਰ ਕਰਨ ਲਈ ਨਿਯਮਾਂ ਨੂੰ ਸੂਚਿਤ ਕਰਨ ਦਾ ਪ੍ਰਸਤਾਵ ਦਿੰਦੀ ਹਾਂ।

**ਆਡਿਟ ਤੋਂ ਛੋਟ**

15. ਵਰਤਮਾਨ ਵਿੱਚ, ਜੇ ਤੁਹਾਡਾ ਟਰਨਓਵਰ 1 ਕਰੋੜ ਰੁ .ਤੋਂ ਵੱਧ ਹੈ, ਤੁਹਾਨੂੰ ਆਪਣੇ ਖਾਤਿਆਂ ਦਾ ਆਡਿਟ ਕਰਨਾ ਪਏਗਾ। ਫਰਵਰੀ 2020 ਦੇ ਬਜਟ ਵਿੱਚ, ਮੈਂ ਉਨ੍ਹਾਂ ਲੋਕਾਂ ਲਈ ਟੈਕਸ ਆਡਿਟ ਦੀ ਸੀਮਾ ਵਧਾ ਕੇ 5 ਕਰੋੜ ਕਰ ਦਿੱਤੀ ਹੈ ਜੋ ਆਪਣੇ 95% ਲੈਣਦੇਣ ਨੂੰ ਡਿਜੀਟਲ ਰੂਪ ਵਿੱਚ ਕ-ਰਦੇ ਹਨ। ਡਿਜੀਟਲ ਲੈਣਦੇਣ ਨੂੰ ਹੋਰ ਉਤਸ਼ਾਹਤ ਕਰਨ ਅਤੇ ਪਾਲਣਾ ਦੇ ਬੋਝ ਨੂੰ - ਘਟਾਉਣ ਲਈ, ਮੈਂ ਅਜਿਹੇ ਵਿਅਕਤੀਆਂ ਲਈ ਟੈਕਸ ਆਡਿਟ ਲਈ ਇਸ ਸੀਮਾ ਨੂੰ 5 ਕਰੋੜ ਰੁ .ਤੋਂ ਵਧਾ ਕੇ 10 ਕਰੋੜ ਰੁ .ਕਰਨ ਦਾ ਪ੍ਰਸਤਾਵ ਰੱਖਦੀ ਹਾਂ।

**ਲਾਭਾਂਸ਼ ਲਈ ਰਾਹਤ**

16. ਪਿਛਲੇ ਬਜਟ ਵਿੱਚ, ਮੈਂ ਨਿਵੇਸ਼ ਨੂੰ ਉਤਸ਼ਾਹਤ ਕਰਨ ਲਈ ਲਾਭਅੰਸ਼ ਵੰਡ ਟੈਕਸ ਖ਼ਤਮ ਕਰ ਦਿੱਤਾ ਸੀ। (ਡੀਡੀਟੀ) ਲਾਭਅੰਸ਼ ਨੂੰ ਹਿੱਸੇਦਾਰਾਂ ਦੇ ਹੱਥਾਂ ਵਿੱਚ ਟੈਕਸ ਯੋਗ ਬਣਾਇਆ ਗਿਆ ਸੀ। ਹੁਣ, ਟੈਕਸ ਪਾਲਨ ਵਿੱਚ ਅਸਾਨੀ ਪ੍ਰਦਾਨ ਕਰਨ ਲਈ, ਮੈਂ ਟੀਈਡੀਐੱਸ ਤੋਂ ਛੋਟ ਪ੍ਰਾਪਤ, ਆਰਈਆਈਟੀ ਇਨਵ /ਿਟ ਨੂੰ ਲਾਭਅੰਸ਼ ਦਾ ਭੁਗਤਾਨ ਕਰਨ ਦਾ ਪ੍ਰਸਤਾਵ ਪੇਸ਼ ਕਰਦੀ ਹਾਂ। ਅੱਗੇ, ਕਿਉਂਕਿ ਹਿੱਸੇਦਾਰਾਂ ਦੁਆਰਾ ਅਡਵਾਂਸ ਟੈਕਸ ਦਾ ਭੁਗਤਾਨ ਕਰਨ ਲਈ ਲਾਭਅੰਸ਼ ਆਮਦਨੀ ਦੀ ਮਾਤਰਾ ਦਾ ਸਹੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ, ਮੇਰਾ ਪ੍ਰਸਤਾਵ ਹੈ ਕਿ ਲਾਭਅੰਸ਼ ਆਮਦਨੀ 'ਤੇ ਅਗਾਊਂ ਟੈਕਸ ਦੇਣਦਾਰੀ ਲਾਭਅੰਸ਼ ਦੇ ਐਲਾਨ ਭੁਗਤਾਨ ਤੋਂ ਬਾਅਦ ਹੀ ਉਤਪੰਨ ਹੋਵੇਗੀ। ਇਸ ਤੋਂ ਇਲਾਵਾ /, ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ ਲਈ, ਮੈਂ ਘੱਟ ਸੰਧੀ ਦਰ 'ਤੇ ਲਾਭਅੰਸ਼ ਆਮਦਨੀ 'ਤੇ ਟੈਕਸ ਦੀ ਕਟੌਤੀ ਨੂੰ ਸਮਰੱਥ ਕਰਨ ਦਾ ਪ੍ਰਸਤਾਵ ਦਿੰਦੀ ਹਾਂ।

**ਢਾਂਚਾਗਤ ਖੇਤਰ ਵਿੱਚ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨਾ**

17. ਪਿਛਲੇ ਬਜਟ ਵਿਚ, ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ, ਅਸੀਂ ਦੇਸ਼ ਦੇ ਢਾਂਚੇ ਵਿੱਚ ਨਿਵੇਸ਼ ਤੋਂ ਹੋਣ ਵਾਲੀ ਆਮਦਨੀ 'ਤੇ ਵਿਦੇਸ਼ੀ ਸੋਵਰਨ ਵੈਲਥ ਫੰਡ ਅਤੇ ਪੈਨਸ਼ਨ ਫੰਡਾਂ ਨੂੰ ਕੁਝ ਸ਼ਰਤਾਂ ਦੇ ਅਧੀਨ 100% ਟੈਕਸ ਛੋਟ ਦਿੱਤੀ ਸੀ। ਅਸੀਂ ਨੋਟ ਕੀਤਾ ਹੈ ਕਿ ਅਜਿਹੇ ਫੰਡਾਂ ਵਿਚੋਂ ਕੁਝ ਨੂੰ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਯਕੀਨੀ ਬਣਾਉਣ ਲਈ ਕਿ ਵੱਡੀ ਗਿਣਤੀ ਵਿੱਚ ਫੰਡ ਭਾਰਤ ਵਿੱਚ ਨਿਵੇਸ਼ ਹੋਣ, ਮੈਂ ਪ੍ਰਾਈਵੇਟ ਫੰਡਿੰਗ 'ਤੇ ਰੋਕ, ਵਪਾਰਕ ਗਤੀਵਿਧੀਆਂ ਤੇ ਪਾਬੰਦੀ ਅਤੇ ਬੁਨਿਆਦੀ ਢਾਂਚੇ ਵਿੱਚ ਸਿੱਧੇ ਨਿਵੇਸ਼ ਨਾਲ ਸਬੰਧਤ ਇਨ੍ਹਾਂ ਸ਼ਰਤਾਂ 'ਚੋਂ ਕੁਝ ਨੂੰ ਢਿੱਲ ਦੇਣ ਦਾ ਪ੍ਰਸਤਾਵ ਦਿੰਦੀ ਹਾਂ।

18. ਜ਼ੀਰੋ ਕੂਪਨ ਬਾਂਡ ਜਾਰੀ ਕਰਕੇ ਬੁਨਿਆਦੀ ਢਾਂਚੇ ਦੇ ਫੰਡਾਂ ਦੀ ਆਗਿਆ ਦੇਣ ਲਈ, ਮੈਂ ਪ੍ਰਸਤਾਵਿਤ ਇਨਫਰਾਸਟਰੱਕਚਰ ਡੈਬਟ ਫੰਡਾਂ ਨੂੰ ਟੈਕਸ ਕੁਸ਼ਲ ਜ਼ੀਰੋ ਕੂਪਨ ਬਾਂਡ ਜਾਰੀ ਕਰਕੇ ਫੰਡ ਇਕੱਠਾ ਕਰਨ ਦੇ ਯੋਗ ਬਣਾਉਣ ਦਾ ਪ੍ਰਸਤਾਵ ਪੇਸ਼ ਕਰਦੀ ਹਾਂ।

**ਕਿਫ਼ਾਇਤੀ ਆਵਾਸਕਿਰਾ / ਇਆ ਆਵਾਸ**

19. ਇਹ ਸਰਕਾਰ 'ਸਭ ਲਈ ਰਿਹਾਇਸ਼' ਅਤੇ ਕਿਫਾਇਤੀ ਹਾਊਸਿੰਗ ਨੂੰ ਪਹਿਲ ਦੇ ਖੇਤਰ ਵਜੋਂ ਵੇਖਦੀ ਹੈ। ਜੁਲਾਈ 2019 ਦੇ ਬਜਟ ਵਿੱਚ, ਮੈਂ ਇੱਕ ਕਿਫਾਇਤੀ ਮਕਾਨ ਖਰੀਦਣ ਲਈ ਲਏ ਗਏ ਕਰਜ਼ੇ ਲਈ 1.5 ਲੱਖ ਰੁ .ਦੀ ਵਿਆਜ ਦੀ ਇੱਕ ਵਾਧੂ ਕਟੌਤੀ ਪ੍ਰਦਾਨ ਕੀਤੀ। ਮੈਂ ਇਸ ਕਟੌਤੀ ਦੀ ਯੋਗਤਾ ਨੂੰ ਇੱਕ ਹੋਰ ਸਾਲ, 31 ਮਾਰਚ 2022 ਤੱਕ ਵਧਾਉਣ ਦਾ ਪ੍ਰਸਤਾਵ ਰੱਖਦੀ ਹਾਂ। ਇਸ ਲਈ 1.5 ਲੱਖ ਰੁ .ਦੀ ਵਾਧੂ ਕਟੌਤੀ ਇੱਕ ਕਿਫਾਇਤੀ ਮਕਾਨ ਦੀ ਖਰੀਦ ਲਈ 31 ਮਾਰਚ 2022 ਤੱਕ ਲਏ ਗਏ ਕਰਜ਼ਿਆਂ ਲਈ ਉਪਲਬਧ ਹੋਵੇਗੀ।

20. ਇਸ ਤੋਂ ਇਲਾਵਾ, ਕਿਫਾਇਤੀ ਘਰਾਂ ਦੀ ਸਪਲਾਈ ਜਾਰੀ ਰੱਖਣ ਲਈ, ਮੈਂ ਸੁਝਾਅ ਦਿੰਦੀ ਹਾਂ ਕਿ ਕਿਫਾਇਤੀ ਹਾਊਸਿੰਗ ਪ੍ਰਾਜੈਕਟ ਇੱਕ ਸਾਲ 31 ਮਾਰਚ, 2022 ਤੱਕ ਲਈ ਟੈਕਸ ਛੋਟ ਲੈ ਸਕਦੇ ਹਨ।

21. ਅਸੀਂ ਪ੍ਰਵਾਸੀ ਕਾਮਿਆਂ ਲਈ ਕਿਫਾਇਤੀ ਕਿਰਾਏ ਦੇ ਮਕਾਨ ਦੀ ਪੂਰਤੀ ਨੂੰ ਉਤਸ਼ਾਹਤ ਕਰਨ ਲਈ ਵਚਨਬੱਧ ਹਾਂ। ਇਸਦੇ ਲਈ, ਮੈਂ ਨੋਟੀਫਾਈਡ ਕਿਫਾਇਤੀ ਕਿਰਾਇਆ ਹਾਊਸਿੰਗ ਪ੍ਰਾਜੈਕਟਾਂ ਲਈ ਟੈਕਸ ਛੋਟ ਦੀ ਆਗਿਆ ਦੇਣ ਦਾ ਪ੍ਰਸਤਾਵ ਦਿੰਦੀ ਹਾਂ।

**ਆਈਐੱਫਐੱਸਸੀ ਨੂੰ ਟੈਕਸ ਪ੍ਰੋਤਸਾਹਨ**

22. ਜਿਵੇਂ ਕਿ ਮੈਂ ਇਸ ਭਾਸ਼ਣ ਦੇ ਭਾਗ ਏ ਵਿੱਚ ਦੱਸਿਆ ਹੈ, ਸਰਕਾਰ ਗਿਫ਼ਟ ਸਿਟੀ ਵਿੱਚ ਅੰਤਰਰਾਸ਼ਟਰੀ ਵਿੱਤੀ ਸੇਵਾਵਾਂ ਕੇਂਦਰ ਨੂੰ ਇੱਕ ਵਿਸ਼ਵਵਿਆਪੀ ਵਿੱਤੀ ਕੇਂਦਰ ਬਣਾਉਣ ਲਈ ਵਚਨਬੱਧ ਹੈ। ਪਹਿਲਾਂ ਹੀ ਪ੍ਰਦਾਨ ਟੈਕਸ ਰਿਆਇਤਾਂ (ਆਈਐਫਐਸਸੀ) ਤੋਂ ਇਲਾਵਾ, ਮੈਂ ਵਿਦੇਸ਼ੀ ਕਿਰਾਏਦਾਰਾਂ ਨੂੰ ਅਦਾ ਕੀਤੇ ਗਏ ਹਵਾਈ ਜਹਾਜ਼ਾਂ ਦੇ ਕਿਰਾਏ ਦੇ ਕਿਰਾਏ ਲਈ ਟੈਕਸ ਛੋਟ, ਹੋਰਨਾਂ ਵਿੱਚ ਸ਼ਾਮਲ ਕਰਨ; ਆਈਐਫਐਸਸੀ ਵਿੱਚ ਵਿਦੇਸ਼ੀ ਫੰਡਾਂ ਨੂੰ ਤਬਦੀਲ ਕਰਨ ਲਈ ਟੈਕਸ ਪ੍ਰੇਰਕ; ਅਤੇ ਆਈਐਫਐਸਸੀ ਵਿੱਚ ਸਥਿਤ ਵਿਦੇਸ਼ੀ ਬੈਂਕਾਂ ਦੇ ਨਿਵੇਸ਼ ਵਿਭਾਗ ਵਿਚ ਟੈਕਸ ਛੋਟ ਦੀ ਆਗਿਆ ਦੇਣ ਦਾ ਪ੍ਰਸਤਾਵ ਦਿੰਦੀ ਹਾਂ।

**ਰਿਟਰਨ ਨੂੰ ਪਹਿਲਾਂ ਤੋਂ ਭਰਨਾ**

23. ਮਾਨਯੋਗ ਸਪੀਕਰ, ਟੈਕਸਦਾਤਾ ਦੀ ਪਾਲਣਾ ਨੂੰ ਅਸਾਨ ਬਣਾਉਣ ਲਈ, ਤਨਖਾਹ ਆਮਦਨੀ, ਟੈਕਸ ਭੁਗਤਾਨ, ਟੀਡੀਐਸ, ਆਦਿ ਦੇ ਵੇਰਵੇ ਇਨਕਮ ਟੈਕਸ ਰਿਟਰਨ ਵਿੱਚ ਪਹਿਲਾਂ ਤੋਂ ਭਰੇ ਹੋਏ ਹਨ। ਟੈਕਸ ਵੇਰਵੇ ਰਿਟਰਨ ਫਾਈਲ ਕਰਨ ਵਿੱਚ ਹੋਰ ਅਸਾਨੀ ਲਈ, ਸੂਚੀਬੱਧ ਪ੍ਰਤੀਭੂਤੀਆਂ ਤੋਂ ਪੂੰਜੀ ਲਾਭ, ਲਾਭਅੰਸ਼ ਆਮਦਨੀ, ਅਤੇ ਬੈਂਕਾਂ, ਡਾਕਘਰ, ਆਦਿ ਤੋਂ ਵਿਆਜ ਆਦਿ ਦਾ ਵੇਰਵਾ ਵੀ ਪਹਿਲਾਂ ਭਰਿਆ ਜਾਵੇਗਾ।

**ਛੋਟੇ ਟਰੱਸਟਾਂ ਨੂੰ ਰਾਹਤ**

24. ਅਸੀਂ ਵਿਦਿਅਕ ਅਦਾਰਿਆਂ ਅਤੇ ਹਸਪਤਾਲਾਂ ਨੂੰ ਚਲਾ ਰਹੇ ਛੋਟੇ ਚੈਰੀਟੇਬਲ ਟਰੱਸਟਾਂ 'ਤੇ ਪਾਲਣਾ ਦਾ ਬੋਝ ਘਟਾਉਣ ਦੀ ਉਮੀਦ ਕਰਦੇ ਹਾਂ। ਹੁਣ ਤੱਕ, ਅਜਿਹੀਆਂ ਸੰਸਥਾਵਾਂ ਨੂੰ ਇੱਕ ਸੀਮਤ ਛੋਟ ਹੈ, ਜਿਸਦੀ ਸਾਲਾਨਾ ਰਕਮ ਦੀ ਪ੍ਰਾਪਤੀ 1 ਕਰੋੜ ਰੁ . ਤੋਂ ਵੱਧ ਨਹੀਂ ਹੋ ਸਕਦੀ। ਮੈਂ ਹੁਣ ਇਸ ਰਕਮ ਨੂੰ 5 ਕਰੋੜ ਰੁ ਤੱਕ . ਵਧਾਉਣਾ ਪ੍ਰਸਤਾਵ ਰੱਖਦੀ ਹਾਂ।

**ਕਿਰਤ ਭਲਾਈ**

25. ਅਸੀਂ ਦੇਖਿਆ ਹੈ ਕਿ ਕੁਝ ਮਾਲਕ ਪ੍ਰੋਵੀਡੈਂਟ ਫੰਡਾਂ, ਅਦਾਇਗੀ ਫੰਡਾਂ ਅਤੇ ਹੋਰ ਸਮਾਜਿਕ ਸੁਰੱਖਿਆ ਫੰਡਾਂ ਲਈ ਕਰਮਚਾਰੀਆਂ ਦੇ ਯੋਗਦਾਨ ਦੀ ਕਟੌਤੀ ਕਰਦੇ ਹਨ ਪਰ ਇਹ ਯੋਗਦਾਨ ਨਿਰਧਾਰਤ ਸਮੇਂ ਦੇ ਅੰਦਰ ਜਮ੍ਹਾ ਨਹੀਂ ਕਰਦੇ। ਕਰਮਚਾਰੀਆਂ ਲਈ, ਇਸਦਾ ਅਰਥ ਹੈ ਵਿਆਜ ਜਾਂ ਆਮਦਨੀ ਦਾ ਘਾਟਾ। ਉਨ੍ਹਾਂ ਮਾਮਲਿਆਂ ਵਿੱਚ ਜਿੱਥੇ ਬਾਅਦ ਵਿੱਚ ਕੋਈ ਮਾਲਕ ਵਿੱਤੀ ਤੌਰ 'ਤੇ ਅਸਮਰਥ ਬਣ ਜਾਂਦਾ ਹੈ, ਜਮ੍ਹਾ ਨਾ ਕਰਾਉਣ ਨਾਲ ਕਰਮਚਾਰੀਆਂ ਨੂੰ ਸਥਾਈ ਨੁਕਸਾਨ ਹੁੰਦਾ ਹੈ।

26. ਇਹ ਸੁਨਿਸ਼ਚਿਤ ਕਰਨ ਲਈ ਕਿ ਕਰਮਚਾਰੀਆਂ ਦੇ ਯੋਗਦਾਨ ਸਮੇਂ ਸਿਰ ਜਮ੍ਹਾਂ ਹਨ, ਮੈਂ ਦੁਹਰਾਉਂਦੀ ਹਾਂ ਕਿ ਮਾਲਕ ਦੁਆਰਾ ਕਰਮਚਾਰੀ ਦੇ ਯੋਗਦਾਨ ਦੇਰ ਨਾਲ ਜਮ੍ਹਾਂ ਕਰਵਾਉਣ ਨਾਲ ਮਾਲਕ ਨੂੰ ਕਟੌਤੀ ਦੀ ਇਜਾਜ਼ਤ ਨਹੀਂ ਦਿੱਤੀ ਜਾਏਗੀ।

**ਸਟਾਰਟ ਅੱਪ ਲਈ ਪ੍ਰੋਤਸਾਹਨ**

27. ਦੇਸ਼ ਵਿੱਚ ਸਟਾਰਟਅਪਸ ਨੂੰ ਉਤਸ਼ਾਹਿਤ ਕਰਨ ਲਈ-, ਮੈਂ ਟੈਕਸ ਛੋਟਾਂ ਦੀ ਸ਼ੁਰੂਆਤ ਲਈ ਦਾਅਵਿਆਂ ਦੀ ਯੋਗਤਾ ਨੂੰ ਹੋਰ ਇੱਕ ਸਾਲ 31 ਮਾਰਚ, 2022 ਤੱਕ ਵਧਾਉਣ ਦਾ ਪ੍ਰਸਤਾਵ ਦਿੰਦੀ ਹਾਂ। ਅੱਗੇ, ਸਟਾਰਟਅਪਸ ਦੇ ਫੰਡਾਂ ਨੂੰ ਉਤਸ਼ਾਹਤ ਕਰਨ - ਲਈ, ਮੈਂ ਅਰੰਭ ਵਿੱਚ ਪੂੰਜੀ ਲਾਭ ਵਿੱਚ ਛੋਟ ਨੂੰ ਇੱਕ ਹੋਰ ਸਾਲ 31 ਮਾਰਚ, 2022 ਤੱਕ ਵਧਾਉਣ ਦਾ ਪ੍ਰਸਤਾਵ ਰੱਖਦੀ ਹਾਂ।

**ਅਪ੍ਰਤੱਖ ਟੈਕਸ ਪ੍ਰਸਤਾਵ**

**ਜੀਐੱਸਟੀ**

28. ਮੇਰੇ ਅਪ੍ਰਤੱਖ ਟੈਕਸ ਪ੍ਰਸਤਾਵਾਂ 'ਤੇ ਆਉਣ ਤੋਂ ਪਹਿਲਾਂ, ਮੈਂ ਸਦਨ ਨੂੰ ਜੀਐਸਟੀ 'ਤੇ ਮੁਲਾਂਕਣ ਕਰਨਾ ਚਾਹੁੰਦਾ ਹਾਂ। ਜੀਐਸਟੀ ਹੁਣ ਚਾਰ ਸਾਲ ਪੁਰਾਣਾ ਹੈ, ਅਤੇ ਅਸੀਂ ਇਸਨੂੰ ਹੋਰ ਸਰਲ ਬਣਾਉਣ ਲਈ ਕਈ ਉਪਾਅ ਕੀਤੇ ਹਨ। ਕੁਝ ਉਪਾਵਾਂ ਵਿੱਚ ਸ਼ਾਮਲ ਹਨ:

i. ਐਸਐਮਐਸ ਦੁਆਰਾ ਨਿੱਲ ਰਿਟਰਨ,

ii. ਛੋਟੇ ਟੈਕਸਦਾਤਾਵਾਂ ਲਈ ਤਿਮਾਹੀ ਰਿਟਰਨ ਅਤੇ ਮਹੀਨਾਵਾਰ ਭੁਗਤਾਨ,

iii. ਇਲੈਕਟ੍ਰਾਨਿਕ ਇਨਵਾੱਇਸ ਪ੍ਰਣਾਲੀ,

iv. ਪ੍ਰਮਾਣਿਤ ਇਨਪੁਟ ਟੈਕਸ ਸਟੇਟਮੈਂਟ,

v. ਪਹਿਲਾਂ ਤੋਂ ਭਰੀ ਸੋਧਯੋਗ ਜੀਐਸਟੀ ਰਿਟਰਨ, ਅਤੇ

vi. ਅਲੱਗ – ਅਲੱਗ ਸਮੇਂ ਰਿਟਰਨ ਫਾਈਲ ਕਰਨ ਵਿੱਚ ਸੁਖਾਲਾਪਣ

ਜੀਐਸਟੀਐਨ ਪ੍ਰਣਾਲੀ ਦੀ ਸਮਰੱਥਾ ਵਿੱਚ ਵੀ ਵਾਧਾ ਕੀਤਾ ਗਿਆ ਹੈ। ਟੈਕਸ ਚੋਰਾਂ ਅਤੇ ਜਾਅਲੀ ਬਿੱਲ ਵਾਲਿਆਂ ਦੀ ਪਛਾਣ ਕਰਨ ਲਈ ਅਸੀਂ ਡੂੰਘੇ ਵਿਸ਼ਲੇਸ਼ਣ ਅਤੇ ਬਣਾਉਟੀ ਬੁੱਧੀ ਨੂੰ ਪ੍ਰਯੋਗ ਵਿੱਚ ਲਿਆਉਂਦਾ ਹੈ ਅਤੇ ਉਨ੍ਹਾਂ ਵਿਰੁੱਧ ਵਿਸ਼ੇਸ਼ ਮੁਹਿੰਮਾਂ ਸ਼ੁਰੂ ਕੀਤੀਆਂ ਹਨ।

29. ਨਤੀਜੇ ਆਪਣੇ ਆਪ ਬੋਲਦੇ ਹਨ। ਅਸੀਂ ਪਿਛਲੇ ਕੁਝ ਮਹੀਨਿਆਂ ਵਿੱਚ ਰਿਕਾਰਡ ਵਸੂਲੀ ਕੀਤੀ ਹੈ।

30. ਜੀਐਸਟੀ ਕੌਂਸਲ ਨੇ ਬੜੀ ਮਿਹਨਤ ਨਾਲ ਮੁਸ਼ਕਿਲਾਂ ਦਾ ਹਲ ਕੱਢਿਆ ਹੈ। ਕੌਂਸਲ ਦੇ ਚੇਅਰਪਰਸਨ ਹੋਣ ਦੇ ਨਾਤੇ, ਮੈਂ ਸਦਨ ਨੂੰ ਭਰੋਸਾ ਦਿਵਾਉਣਾ ਚਾਹੁੰਦੀ ਹਾਂ ਕਿ ਅਸੀਂ ਜੀਐਸਟੀ ਨੂੰ ਹੋਰ ਸੁਚਾਰੂ ਬਣਾਉਣ ਲਈ ਹਰ ਸੰਭਵ ਉਪਾਅ ਕਰਾਂਗੇ, ਅਤੇ ਵਿਰੋਧੀ ਡਿਊਟੀ ਢਾਂਚੇ ਵਰਗੇ ਵਿਕਾਰਾਂ ਨੂੰ ਦੂਰ ਕਰਾਂਗੇ।

## ਕਸਟਮ ਡਿਊਟੀ ਨੂੰ ਤਰਕਸ਼ੀਲ ਬਨਾਉਣਾ

31. ਸਾਡੀ ਕਸਟਮ ਡਿਊਟੀ ਨੀਤੀ ਦਾ ਘਰੇਲੂ ਨਿਰਮਾਣ ਨੂੰ ਉਤਸ਼ਾਹਤ ਕਰਨ ਅਤੇ ਭਾਰਤ ਨੂੰ ਗਲੋਬਲ ਵੈਲਯੂ ਚੇਨ ਵਿੱਚ ਸ਼ਾਮਿਲ ਹੋਣ ਵਿੱਚ ਅਤੇ ਬਿਹਤਰ ਨਿਰਯਾਤ ਕਰਨ ਵਿੱਚ ਸਹਾਇਤਾ ਕਰਨ ਦੋ ਉਦੇਸ਼ ਹੋਣੇ ਚਾਹੀਦੇ ਹਨ। ਹੁਣ ਜ਼ੋਰ ਕੱਚੇ ਮਾਲ ਦੀ ਅਸਾਨ ਪਹੁੰਚ ਅਤੇ ਮੁੱਲ ਵਧਾਏ ਉਤਪਾਦਾਂ ਦੀ ਬਰਾਮਦ 'ਤੇ ਹੋਣਾ ਚਾਹੀਦਾ ਹੈ।

32. ਇਸ ਦਿਸ਼ਾ ਵੱਲ, ਪਿਛਲੇ ਸਾਲ, ਅਸੀਂ 80 ਪੁਰਾਣੀਆਂ ਛੋਟਾਂ ਨੂੰ ਦੂਰ ਕਰਦਿਆਂ, ਕਸਟਮਜ਼ ਡਿਊਟੀ ਦੇ ਢਾਂਚੇ ਨੂੰ ਪ੍ਰਮੁੱਖਤਾ ਨਾਲ ਲਿਆ। ਮੈਂ ਉਨ੍ਹਾਂ ਸਾਰਿਆਂ ਦਾ ਵੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਇਸ ਨਵੀਨੀਕਰਨ ਬਾਰੇ ਸੁਝਾਵਾਂ ਲਈ ਕ੍ਰਾਊਡਸੋਰਸਿੰਗ - ਕਾਲ ਨੂੰ ਭਰਵਾਂ ਹੁੰਗਾਰਾ ਦਿੱਤਾ। ਮੈਂ ਹੁਣ ਇਸ ਸਾਲ400 ਤੋਂ ਵੱਧ ਪੁਰਾਣੀਆਂ ਛੋਟਾਂ ਦੀ ਸਮੀਖਿਆ ਕਰਨ ਦਾ ਪ੍ਰਸਤਾਵ ਦਿੰਦੀ ਹਾਂ। ਅਸੀਂ ਇਸ ਨੂੰ ਵਿਆਪਕ ਸਲਾਹਮਸ਼ਵਰੇ ਰਾਹੀਂ ਕਰਾਂਗੇ-, ਅਤੇ 1 ਅਕਤੂਬਰ 2021 ਤੋਂ, ਅਸੀਂ ਇੱਕ ਸੋਧੇ ਹੋਏ ਕਸਟਮ ਡਿਊਟੀ ਢਾਂਚੇ ਨੂੰ, ਬਿਨਾਂ ਕਿਸੇ ਤਰੁੱਟੀ ਤੋਂ ਰੱਖਾਂਗੇ। ਮੈਂ ਇਹ ਵੀ ਪ੍ਰਸਤਾਵ ਦਿੰਦੀ ਹਾਂ ਕਿ ਇਸ ਤੋਂ ਬਾਅਦ ਕੋਈ ਵੀ ਨਵੀਂ ਕਸਟਮ ਡਿਊਟੀ ਛੋਟ ਇਸ ਦੇ ਜਾਰੀ ਹੋਣ ਦੀ ਮਿਤੀ ਤੋਂ ਦੋ ਸਾਲਾਂ ਬਾਅਦ 31 ਮਾਰਚ ਤੱਕ ਵੈਧ ਹੋਵੇਗੀ।

## ਇਲੈਕਟ੍ਰੌਨਿਕ ਅਤੇ ਮੋਬਾਈਲ ਫੋਨ ਉਦਯੋਗ

33. ਘਰੇਲੂ ਇਲੈਕਟ੍ਰਾਨਿਕ ਨਿਰਮਾਣ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਹੁਣ ਅਸੀਂ ਮੋਬਾਈਲ ਅਤੇ ਚਾਰਜਰ ਵਰਗੀਆਂ ਚੀਜ਼ਾਂ ਨਿਰਯਾਤ ਕਰ ਰਹੇ ਹਾਂ। ਵਧੇਰੇ ਘਰੇਲੂ ਮੁੱਲ ਵਧਾਉਣ ਲਈ, ਅਸੀਂ ਚਾਰਜਰਾਂ ਦੇ ਭਾਗਾਂ ਅਤੇ ਮੋਬਾਈਲ ਦੇ ਉਪ ਭਾਗਾਂ-'ਤੇ ਕੁਝ ਛੋਟ ਵਾਪਸ ਲੈ ਰਹੇ ਹਾਂ। ਅੱਗੇ, ਮੋਬਾਈਲ ਦੇ ਕੁਝ ਹਿੱਸੇ 'ਨਿੱਲ' ਦਰ ਤੋਂ ਸਧਾਰਣ 2.5% ਤੱਕ ਚਲੇ ਜਾਣਗੇ।

## ਲੋਹਾ ਅਤੇ ਇਸਪਾਤ

34. ਐਮਐਸਐਮਈ ਅਤੇ ਹੋਰ ਉਪਭੋਗਤਾ ਉਦਯੋਗਾਂ ਨੂੰ ਲੋਹਾ ਅਤੇ ਇਸਪਾਤ ਦੀਆਂ ਕੀਮਤਾਂ ਵਿੱਚ ਤਾਜ਼ਾ ਵਾਧੇ ਵਲੋਂ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਗਿਆ ਹੈ। ਇਸ ਲਈ, ਅਸੀਂ ਸੈਮੀ, ਫਲੈਟ ਅਤੇ ਨਾਨਐਲੋਏ-, ਐਲੋਏ ਅਤੇ ਸਟੇਨਲੈੱਸ ਸਟੀਲ ਦੇ ਉਤਪਾਦਾਂ 'ਤੇ ਕਸਟਮ ਡਿਊਟੀ ਇਕਸਾਰ 7.5% 'ਤੱਕ ਘਟਾ ਰਹੇ ਹਾਂ। ਧਾਤ ਰੀਸਾਈਕਲਰਾਂ ਨੂੰ ਰਾਹਤ ਪ੍ਰਦਾਨ ਕਰਨ ਲਈ-, ਜ਼ਿਆਦਾਤਰ

ਐਮਐਸਐਮਈਜ਼, ਮੈਂ 31 ਮਾਰਚ, 2022 ਤੱਕ ਦੇ ਸਮੇਂ ਲਈ ਸਟੀਲ ਦੇ ਸਕ੍ਰੈਪ 'ਤੇ ਡਿਊਟੀ ਤੋਂ ਛੋਟ ਦੇ ਰਹੀ ਹਾਂ। ਇਸ ਤੋਂ ਇਲਾਵਾ, ਮੈਂ ਕੁਝ ਸਟੀਲ ਉਤਪਾਦਾਂ 'ਤੇ ਏਡੀਡੀ ਅਤੇ ਸੀਵੀਡੀ ਨੂੰ ਵੀ ਰੱਦ ਕਰ ਰਹੀ ਹਾਂ। ਇਸ ਤੋਂ ਇਲਾਵਾ, ਤਾਂਬੇ ਦੇ ਰੀਸਾਈਕਲਰਾਂ ਨੂੰ ਰਾਹਤ ਪ੍ਰਦਾਨ ਕਰਨ ਲਈ, ਮੈਂ ਤਾਂਬੇ ਦੇ ਸਕ੍ਰੈਪ 'ਤੇ ਡਿਊਟੀ 5% ਤੋਂ ਘਟਾ ਕੇ 2.5% ਕਰ ਰਹੀ ਹਾਂ।

**ਕੱਪੜਾ**

35. ਕੱਪੜਾ ਸੈਕਟਰ ਰੁਜ਼ਗਾਰ ਪੈਦਾ ਕਰਦਾ ਹੈ ਅਤੇ ਆਰਥਿਕਤਾ ਵਿੱਚ ਮਹੱਤਵਪੂਰਣ ਯੋਗਦਾਨ ਪਾਉਂਦਾ ਹੈ। ਮਨੁੱਖ ਨਿਰਮਿਤ ਵਸਤਰ ਲਈ ਕੱਚੇ ਮਾਲ ਦੀ ਲਾਗਤ 'ਤੇ ਡਿਊਟੀਆਂ ਨੂੰ ਤਰਕਸੰਗਤ ਬਣਾਉਣ ਦੀ ਜ਼ਰੂਰਤ ਹੈ। ਹੁਣ ਅਸੀਂ ਪੋਲੀਸਟਰ ਅਤੇ ਮਨੁੱਖ ਦੁਆਰਾ ਬਣਾਏ ਰੇਸ਼ਿਆਂ ਦੇ ਬਰਾਬਰ ਨਾਈਲੋਨ ਚੇਨ ਲਿਆ ਰਹੇ ਹਾਂ। ਅਸੀਂ ਕੈਪਰੋਲਾਕਟਮ, ਨਾਈਲੋਨ ਚਿਪਸ ਅਤੇ ਨਾਈਲੋਨ ਫਾਈਬਰ ਅਤੇ ਧਾਗੇ 'ਤੇ ਬੀਸੀਡੀ ਦਰਾਂ ਨੂੰ ਇਕਸਾਰ ਘਟਾ ਕੇ 5% ਕਰ ਰਹੇ ਹਾਂ। ਇਸ ਨਾਲ ਕੱਪੜਾ ਉਦਯੋਗ, ਐਮਐਸਐਮਈ, ਅਤੇ ਨਿਰਯਾਤ ਵਿੱਚ ਵੀ ਸਹਾਇਤਾ ਮਿਲੇਗੀ।

**ਰਸਾਇਣ**

36. ਅਸੀਂ ਘਰੇਲੂ ਮੁੱਲ ਨੂੰ ਵਧਾਉਣ ਅਤੇ ਰੁਕਾਵਟਾਂ ਨੂੰ ਦੂਰ ਕਰਨ ਲਈ ਰਸਾਇਣਾਂ 'ਤੇ ਕਸਟਮ ਡਿਊਟੀ ਦਰਾਂ ਵਿੱਚ ਵੀ ਸੋਧ ਕੀਤੀ ਹੈ। ਹੋਰ ਵਸਤੂਆਂ ਤੋਂ ਇਲਾਵਾ, ਅਸੀਂ ਇਸ ਨੂੰ ਦਰੁਸਤ ਕਰਨ ਲਈ ਨੈਪਥਾ 'ਤੇ ਕਸਟਮ ਡਿਊਟੀ 2.5% ਘਟਾ ਰਹੇ ਹਾਂ।

**ਸੋਨਾ ਅਤੇ ਚਾਂਦੀ**

37. ਸੋਨਾ ਅਤੇ ਚਾਂਦੀ ਤੇ'ਮੌਜੂਦਾ ਸਮੇਂ ਵਿੱਚ 12.5% ਦੀ ਕਸਟਮ ਡਿਊਟੀ ਲਗਾਈ ਜਾਂਦੀ ਹੈ। ਕਿਉਂਕਿ ਜੁਲਾਈ 2019 ਵਿੱਚ ਡਿਊਟੀ 10% ਤੋਂ ਵਧਾ ਦਿੱਤੀ ਗਈ ਸੀ, ਇਸ ਲਈ ਕੀਮਤੀ ਧਾਤਾਂ ਦੀਆਂ ਕੀਮਤਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਨੂੰ ਪਿਛਲੇ ਪੱਧਰ ਦੇ ਨੇੜੇ ਲਿਆਉਣ ਲਈ, ਅਸੀਂ ਸੋਨੇ ਅਤੇ ਚਾਂਦੀ 'ਤੇ ਕਸਟਮ ਡਿਊਟੀ ਨੂੰ ਤਰਕਸ਼ੀਲ ਬਣਾ ਰਹੇ ਹਾਂ।

**ਅਖੁੱਟ ਊਰਜਾ**

38. ਭਾਗ ਏ ਵਿੱਚ, ਅਸੀਂ ਪਹਿਲਾਂ ਹੀ ਮੰਨ ਚੁੱਕੇ ਹਾਂ ਕਿ ਸੌਰ ਊਰਜਾ ਦਾ ਭਾਰਤ ਲਈ ਬਹੁਤ ਵੱਡਾ ਲਾਭ ਹੈ। ਘਰੇਲੂ ਸਮਰੱਥਾ ਨੂੰ ਵਧਾਉਣ ਲਈ, ਅਸੀਂ ਸੌਰ ਸੈੱਲਾਂ ਅਤੇ ਸੋਲਰ ਪੈਨਲਾਂ ਲਈ ਇੱਕ ਪੜਾਅਵਾਰ ਨਿਰਮਾਣ ਯੋਜਨਾ ਨੂੰ ਸੂਚਿਤ ਕਰਾਂਗੇ। ਮੌਜੂਦਾ ਸਮੇਂ ਘਰੇਲੂ ਉਤਪਾਦਨ ਨੂੰ ਉਤਸ਼ਾਹਤ ਕਰਨ ਲਈ, ਅਸੀਂ ਸੋਲਰ ਇਨਵਰਟਰਾਂ 'ਤੇ 5% ਤੋਂ 20% ਅਤੇ ਸੌਰ ਲਾਲਟੈਨ 'ਤੇ 5% ਤੋਂ 15% ਡਿਊਟੀ ਵਧਾ ਰਹੇ ਹਾਂ।

**ਪੂੰਜੀਗਤ ਉਪਕਰਣ ਅਤੇ ਆਟੋ ਪੁਰਜੇ**

39. ਦੇਸ਼ ਵਿੱਚ ਘਰੇਲੂ ਤੌਰ 'ਤੇ ਭਾਰੀ ਪੂੰਜੀ ਉਪਕਰਣ ਬਣਾਉਣ ਦੀ ਅਥਾਹ ਸੰਭਾਵਨਾ ਹੈ। ਅਸੀਂ ਨਿਰਧਾਰਤ ਸਮੇਂ ਵਿੱਚ ਦਰਾਂ ਦੇ ਢਾਂਚੇ ਦੀ ਸਮੀਖਿਆ ਕਰਾਂਗੇ। ਹਾਲਾਂਕਿ, ਅਸੀਂ ਕੁਝ ਚੀਜ਼ਾਂ 'ਤੇ ਤੁਰੰਤ ਡਿਊਟੀ ਦਰਾਂ ਵਿੱਚ ਸੋਧ ਕਰ ਰਹੇ ਹਾਂ। ਅਸੀਂ ਸੁਰੰਗ ਬੋਰਿੰਗ ਮਸ਼ੀਨ 'ਤੇ ਛੋਟ ਵਾਪਸ ਲੈਣ ਦਾ ਪ੍ਰਸਤਾਵ ਦਿੰਦੇ ਹਾਂ। ਇਸ ਵਿੱਚ 7.5% ਕਸਟਮ ਡਿਊਟੀ ਅਤੇ ਇਸਦੇ ਪੁਰਜ਼ਿਆਂ ਤੇ'

2.5% ਕਸਟਮ ਡਿਊਟੀ ਲਗੇਗੀ; ਅਸੀਂ ਕੁਝ ਆਟੋ ਪਾਰਟਸ 'ਤੇ ਕਸਟਮ ਡਿਊਟੀ ਵਧਾ ਕੇ 15% ਕਰ ਰਹੇ ਹਾਂ ਤਾਂ ਜੋ ਉਨ੍ਹਾਂ ਨੂੰ ਆਟੋ ਪਾਰਟਸ 'ਤੇ ਆਮ ਦਰ ਦੇ ਬਰਾਬਰ ਲਿਆਇਆ ਜਾ ਸਕੇ।

## ਐੱਮਐੱਸਐੱਮਈ ਉਤਪਾਦ

40. ਅਸੀਂ ਐਮਐਸਐਮਈਜ਼ ਨੂੰ ਲਾਭ ਪਹੁੰਚਾਉਣ ਲਈ ਕੁਝ ਤਬਦੀਲੀਆਂ ਦਾ ਪ੍ਰਸਤਾਵ ਰੱਖ ਰਹੇ ਹਾਂ। ਅਸੀਂ ਸਟੀਲ, ਪੇਚਾਂ ਅਤੇ ਪਲਾਸਟਿਕ ਬਿਲਡਰ ਵੇਅਰ 'ਤੇ 10% ਤੋਂ ਵਧਾ ਕੇ 15% ਤੱਕ ਦੀ ਡਿਊਟੀ ਕਰ ਰਹੇ ਹਾਂ। ਪ੍ਰੋਨ ਫੀਡ 'ਤੇ ਅਸੀਂ ਇਸ ਨੂੰ 5% ਤੋਂ 15% ਤੱਕ ਵਧਾ ਰਹੇ ਹਾਂ। ਅਸੀਂ ਕੱਪੜੇ, ਚਮੜੇ ਅਤੇ ਦਸਤਕਾਰੀ ਵਸਤਾਂ ਦੇ ਨਿਰਯਾਤ ਕਰਨ ਵਾਲਿਆਂ ਨੂੰ ਉਤਸ਼ਾਹ ਵਜੋਂ ਡਿਊਟੀ ਮੁਕਤ ਵਸਤਾਂ ਦੀ ਦਰਾਮਦ 'ਤੇ ਛੋਟ ਨੂੰ ਤਰਕਸੰਗਤ ਬਣਾ ਰਹੇ ਹਾਂ। ਤਕਰੀਬਨ ਇਹ ਸਾਰੀਆਂ ਚੀਜ਼ਾਂ ਸਾਡੇ ਐਮਐਸਐਮਈ ਦੁਆਰਾ ਘਰੇਲੂ ਤੌਰ 'ਤੇ ਬਣੀਆਂ ਹਨ। ਅਸੀਂ ਕੁਝ ਖਾਸ ਕਿਸਮ ਦੇ ਚਮੜੇ ਦੇ ਆਯਾਤ 'ਤੇ ਛੋਟ ਵਾਪਸ ਲੈ ਰਹੇ ਹਾਂ ਕਿਉਂਕਿ ਜ਼ਿਆਦਾਤਰ ਐਮਐਸਐਮਈਜ਼ ਦੁਆਰਾ ਉਹ ਘਰੇਲੂ ਤੌਰ 'ਤੇ ਚੰਗੀ ਮਾਤਰਾ ਅਤੇ ਗੁਣਵੱਤਾ ਵਿੱਚ ਪੈਦਾ ਹੁੰਦੇ ਹਨ। ਅਸੀਂ ਉਨ੍ਹਾਂ ਦੀ ਘਰੇਲੂ ਪ੍ਰੋਸੈਸਿੰਗ ਨੂੰ ਉਤਸ਼ਾਹਤ ਕਰਨ ਲਈ ਤਿਆਰ ਸਿੰਥੈਟਿਕ ਰਤਨਾਂ 'ਤੇ ਵੀ ਕਸਟਮ ਡਿਊਟੀ ਵਧਾ ਰਹੇ ਹਾਂ।

## ਖੇਤੀਬਾੜੀ ਉਤਪਾਦ

41. ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ, ਅਸੀਂ ਕਪਾਹ 'ਤੇ ਕੁੱਲ  ਤੋਂ ਵਧਾ ਕੇ 010% ਅਤੇ ਕੱਚੀ ਰੇਸ਼ਮ ਅਤੇ ਰੇਸ਼ਮ ਧਾਗੇ 'ਤੇ 10% ਤੋਂ ਵਧਾ ਕੇ 15% ਕਰ ਰਹੇ ਹਾਂ। ਅਸੀਂ ਡੀਨੇਚਰਡ ਈਥਾਈਲ ਅਲਕੋਹਲ 'ਤੇ ਅੰਤਲੀਵਰਤੋਂ ਅਧਾਰਤ ਰਿਆਇਤ ਵਾਪਸ - ਲੈ ਰਹੇ ਹਾਂ। ਵਰਤਮਾਨ ਵਿੱਚ ਜਵਾਰ ਦੇ ਚੋਕਰ, ਚਾਵਲ ਚੋਕਰ ਦੇ ਤੇਲ ਖ਼ਲ ਅਤੇ ਜਾਨਵਰਾਂ ਦੀ ਫੀਡ ਵਾਲੇ ਪਦਾਰਥਾਂ ਵਰਗੀਆਂ ਵਸਤਾਂ ਉੱਤੇ ਰੇਟ ਇਕਸਾਰ ਢੰਗ ਨਾਲ 15% ਹੈ।

42. ਖੇਤੀਬਾੜੀ ਬੁਨਿਆਦੀ ਢਾਂਚੇ ਨੂੰ ਸੁਧਾਰਨ ਦੀ ਤੁਰੰਤ ਲੋੜ ਹੈ ਤਾਂ ਜੋ ਅਸੀਂ ਵਧੇਰੇ ਉਤਪਾਦਨ ਕਰੀਏ, ਜਦਕਿ ਖੇਤੀਬਾੜੀ ਉਤਪਾਦਾਂ ਦੀ ਕੁਸ਼ਲਤਾ ਨਾਲ ਸੰਭਾਲ ਅਤੇ ਪ੍ਰਕਿਰਿਆ ਵੀ ਕਰੀਏ। ਇਹ ਸਾਡੇ ਕਿਸਾਨਾਂ ਲਈ ਵਧੇਰੇ ਕਮਾਈ ਨੂੰ ਯਕੀਨੀ ਬਣਾਏਗਾ।  ਇਸ ਮੰਤਵ ਲਈ ਸਰੋਤਾਂ ਦੀ ਨਿਸ਼ਾਨਦੇਹੀ ਕਰਨ ਲਈ, ਮੈਂ ਬਹੁਤ ਸਾਰੀਆਂ ਚੀਜ਼ਾਂ 'ਤੇ ਖੇਤੀ ਬੁਨਿਆਦੀ ਢਾਂਚਾ ਅਤੇ ਵਿਕਾਸ ਸੈੱਸ ਦਾ ਪ੍ਰਸਤਾਵ ਦਿੰਦੀ ਹਾਂ। ਹਾਲਾਂਕਿ (ਏਆਈਡੀਸੀ), ਇਸ ਸੈੱਸ ਨੂੰ ਲਾਗੂ ਕਰਦੇ ਸਮੇਂ, ਅਸੀਂ ਧਿਆਨ ਰੱਖਿਆ ਹੈ ਕਿ ਜ਼ਿਆਦਾਤਰ ਚੀਜ਼ਾਂ 'ਤੇ ਖਪਤਕਾਰਾਂ 'ਤੇ ਵਾਧੂ ਬੋਝ ਨਾ ਪਵੇ।

## ਕਾਰਜਪ੍ਰਣਾਲੀ ਦੀ ਤਰਕਸ਼ੀਲਤਾ ਅਤੇ ਪਾਲਣ ਵਿੱਚ ਆਸਾਨੀ

43. ਉਨ੍ਹਾਂ ਦੀ ਨਿਆਇਕ ਕਾਰਜਸ਼ੀਲਤਾ ਲਈ, ਅਸੀਂ ਏਡੀਡੀ ਅਤੇ ਸੀਵੀਡੀ ਵਸੂਲੀ ਨਾਲ ਸਬੰਧਤ ਵਿਵਸਥਾਵਾਂ ਵਿੱਚ ਕੁਝ ਤਬਦੀਲੀਆਂ ਦਾ ਪ੍ਰਸਤਾਵ ਦਿੰਦੇ ਹਾਂ। ਕਸਟਮ ਦੀ ਜਾਂਚ ਨੂੰ ਪੂਰਾ ਕਰਨ ਲਈ, ਅਸੀਂ ਨਿਸ਼ਚਤ ਸਮਾਂ-ਸੀਮਾਂ ਨਿਰਧਾਰਤ ਕਰ ਰਹੇ ਹਾਂ। 2020 ਵਿੱਚ , ਅਸੀਂ ਤੁਰੰਤ ਕਸਟਮਸ ਪਹਿਲ ਲਾਗੂ ਕੀਤੀ ਸੀ, ਜਿਸ ਨਾਲ ਫੇਸਲੈੱਸ, ਪੇਪਰਲੈੱਸ ਅਤੇ ਸੰਪਰਕ ਰਹਿਤ ਕਸਟਮ ਉਪਾਅ ਕੀਤੇ ਗਏ। ਸਤੰਬਰ 2020 ਤੋਂ ਲਾਗੂ ਹੋਣ ਦੇ ਨਾਲ, ਅਸੀਂ ਨਿਯਮ ਆਫ਼ ਓਰੀਜਨ ਦੇ ਪ੍ਰਬੰਧਨ ਲਈ ਇੱਕ ਨਵੀਂ ਵਿਧੀ ਲਾਗੂ ਕੀਤੀ ਹੈ। ਇਸ ਨਾਲ ਐਫਟੀਏਜ਼ ਦੀ ਦੁਰਵਰਤੋਂ 'ਤੇ ਰੋਕ ਲਗਾਉਣ ਵਿੱਚ ਸਹਾਇਤਾ ਮਿਲੀ ਹੈ।

44. ਪ੍ਰਸਤਾਵਿਤ ਸਿੱਧੇ ਅਤੇ ਅਸਿੱਧੇ ਟੈਕਸ ਪਰਿਵਰਤਨਾਂ ਦੇ ਖਾਸ ਵੇਰਵਿਆਂ ਨੂੰ ਮੇਰੇ ਭਾਸ਼ਣ ਦੇ ਅਨੁਬੰਧ ਵਿੱਚ ਸੂਚੀਬੱਧ ਕੀਤਾ ਗਿਆ ਹੈ|

45. ਸ਼੍ਰੀਮਾਨ ਸਪੀਕਰ, ਇਨ੍ਹਾਂ ਸ਼ਬਦਾਂ ਨਾਲ ਮੈਂ ਇਹ ਬਜਟ ਇਸ ਪ੍ਰਤਿਸ਼ਠਿਤ ਸਦਨ ਵਿੱਚ ਪੇਸ਼ ਕਰਦੀ ਹਾਂ|

**ਬਜਟ ਭਾਸ਼ਣ ਦਾ ਏ ਭਾਗ**

**ਅਨੁਬੰਧ –I**

**ਸਿਹਤ ਅਤੇ ਭਲਾਈਖਰਚ – (ਕਰੋੜ ਵਿੱਚ)**

| **ਮੰਤਰਾਲਾ / ਵਿਭਾਗ** | **ਅਸਲ 2019** | **20 ਬੀਈ** | **ਅਸਲ 2019** |
|---|---|---|---|
| **ਸਿਹਤ ਅਤੇ ਪਰਿਵਾਰ ਭਲਾਈ ਵਿਭਾਗ** | 62,397 | 65,012 | 71,269 |
| **ਸਿਹਤ ਖੋਜ ਵਿਭਾਗ** | 1,934 | 2,100 | 2,663 |
| **ਆਯੂਸ਼ ਮੰਤਰਾਲਾ** | 1,784 | 2,122 | 2,970 |
| **ਕੋਵੀਆਈਡੀ ਨਾਲ ਸਬੰਧਤ ਵਿਸ਼ੇਸ਼ ਵਿਵਸਥਾਵਾਂ** | | | |
| **ਟੀਕਾਕਰਣ** | | | 35,000 |
| **ਪੀਣ ਵਾਲਾ ਪਾਣੀ ਅਤੇ ਸੈਨੀਟੇਸ਼ਨ ਵਿਭਾਗ** | 18,264 | 21,518 | 60,030 |
| **ਪੋਸ਼ਣ** | 1,880 | 3,700 | 2,700 |
| **ਪਾਣੀ ਅਤੇ ਸੈਨੀਟੇਸ਼ਨ ਲਈ ਐਫਸੀ ਗ੍ਰਾਂਟ** | | | 36,022 |
| **ਸਿਹਤ ਲਈ ਐਫਸੀ ਗ੍ਰਾਂਟ** | | | 13,192 |
| **ਕੁੱਲ** | **86,259** | **94,452** | **2,23,846** |

**ਅਨੁਬੰਧ - ii**

**ਫਲੈਗਸ਼ਿਪ ਪ੍ਰੋਜੈਕਟ - ਸੜਕ ਅਤੇ ਰਾਜਮਾਰਗ**

**ਪ੍ਰਮੁੱਖ ਐਕਸਪ੍ਰੈੱਸਵੇ / ਕੋਰੀਡੋਰ**

- ਦਿੱਲੀ-ਮੁੰਬਈ ਐਕਸਪ੍ਰੈੱਸਵੇ: 31.3.2021 ਤੋਂ ਪਹਿਲਾਂ ਬਾਕੀ 260 ਕਿਲੋਮੀਟਰ ਦਾ ਅਵਾਰਡ ਦਿੱਤਾ ਜਾਵੇਗਾ|
- ਬੈਂਗਲੁਰੂ-ਚੇਨੱਈ ਐਕਸਪ੍ਰੈੱਸਵੇ: 278 ਕਿਲੋਮੀਟਰ ਚਾਲੂ ਵਿੱਤ ਵਰ੍ਹੇ ਵਿੱਚ ਸ਼ੁਰੂ ਕੀਤਾ ਜਾਵੇਗਾ| ਨਿਰਮਾਣ 2021-22 ਵਿੱਚ ਸ਼ੁਰੂ ਹੋਵੇਗਾ|
- ਦਿੱਲੀ-ਦੇਹਰਾਦੂਨ ਇਕਨਾਮਿਕ ਕਾਰੀਡੋਰ: 210 ਕਿਲੋਮੀਟਰ ਕਾਰੀਡੋਰ ਚਾਲੂ ਵਿੱਤ ਵਰ੍ਹੇ ਵਿੱਚ ਸ਼ੁਰੂ ਕੀਤਾ ਜਾਵੇਗਾ| ਨਿਰਮਾਣ 2021-22 ਵਿੱਚ ਸ਼ੁਰੂ ਹੋਵੇਗਾ|

- ਕਾਨਪੁਰ-ਲਖਨਊ ਐਕਸਪ੍ਰੈੱਸਵੇ: ਐੱਨਐੱਚ 27 ਦੇ ਲਈ ਵਿਕਲਪਿਕ ਮਾਰਗ ਨੂੰ ਸੁਚਾਰੂ ਕਰਨ ਵਾਲਾ 63 ਕਿਲੋਮੀਟਰ ਐਕਸਪ੍ਰੈੱਸਵੇ 2021-22 ਵਿੱਚ ਸ਼ੁਰੂ ਕੀਤਾ ਜਾਵੇਗਾ|
- ਚੇਨੱਈ-ਸਲੇਮ ਕਾਰੀਡੋਰ: 277 ਕਿਲੋਮੀਟਰ ਐਕਸਪ੍ਰੈੱਸਵੇ ਦਾ ਅਵਾਰਡ ਦਿੱਤਾ ਜਾਵੇਗਾ ਅਤੇ ਨਿਰਮਾਣ 2021-22 ਵਿੱਚ ਸ਼ੁਰੂ ਹੋਵੇਗਾ|
- ਰਾਏਪੁਰ-ਵਿਸ਼ਾਖਾਪਟਨਮ: ਛੱਤੀਸਗੜ੍ਹ, ਉੜੀਸਾ ਅਤੇ ਆਂਧਰ ਪ੍ਰਦੇਸ਼ ਦੇ ਰਸਤੇ ਗੁਜ਼ਰਨ ਵਾਲੇ 464 ਕਿਲੋਮੀਟਰ ਦਾ ਅਵਾਰਡ ਚਾਲੂ ਸਾਲ ਵਿੱਚ ਦਿੱਤਾ ਜਾਵੇਗਾ| ਨਿਰਮਾਣ 2021-22 ਵਿੱਚ ਸ਼ੁਰੂ ਹੋਵੇਗਾ।
- ਅੰਮ੍ਰਿਤਸਰ-ਜਾਮਨਗਰ: ਨਿਰਮਾਣ 2021-22 ਵਿੱਚ ਸ਼ੁਰੂ ਹੋਵੇਗਾ|
- ਦਿੱਲੀ-ਕਟਰਾ: ਨਿਰਮਾਣ 2021-22 ਵਿੱਚ ਸ਼ੁਰੂ ਹੋਵੇਗਾ|

ਚਾਰ ਲੇਨ ਅਤੇ ਛੇ ਲੇਨ ਦੇ ਸਾਰੇ ਨਵੇਂ ਰਾਜਮਾਰਗਾਂ ਵਿੱਚ ਸਪੀਡ ਰਡਾਰ, ਪਰਿਵਰਤਨਸ਼ੀਲ ਸੰਦੇਸ਼ ਸਾਈਨਬੋਰਡ, ਜੀਪੀਐੱਸ ਸਮਰਥਿਤ ਰਿਕਵਰੀ ਵਾਹਨਾਂ ਦੇ ਨਾਲ ਉੱਨਤ ਯਾਤਾਯਾਤ ਪ੍ਰਬੰਧਨ ਪ੍ਰਣਾਲੀ ਸਥਾਪਤ ਕੀਤੀ ਜਾਵੇਗੀ|

**ਅਨੁਬੰਧ - iii**

**ਵਿਨਿਵੇਸ਼ ਦੇ ਮੁੱਖ ਆਕਰਸ਼ਣ / ਕਾਰਜਨੀਤਕ ਵਿਨਿਵੇਸ਼ ਨੀਤੀ**

**ਉਦੇਸ਼**

(1) ਵਿੱਤੀ ਸੰਸਥਾਨਾਂ ਸਮੇਤ ਕੇਂਦਰੀ ਸਰਕਾਰ ਦੀਆਂ ਸਰਵਜਨਕ ਖੇਤਰ ਦੀਆਂ ਕੰਪਨੀਆਂ (ਸਰਕਾਰੀ ਕੰਪਨੀਆਂ) ਦੀ ਮੌਜੂਦਗੀ ਨੂੰ ਘੱਟੋ-ਘੱਟ ਕਰਨਾ ਅਤੇ ਗੈਰ-ਸਰਕਾਰੀ ਖੇਤਰ ਦੇ ਲਈ ਨਿਵੇਸ਼ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਕਰਨਾ

(2) ਵਿਨਿਵੇਸ਼ ਤੋਂ ਬਾਅਦ, ਸਰਕਾਰੀ ਕੰਪਨੀਆਂ (ਸੀਪੀਐੱਸਈ)/ ਵਿੱਤੀ ਸੰਸਥਾਨਾਂ ਦਾ ਆਰਥਿਕ ਵਿਕਾਸ ਨਿੱਜੀ ਪੂੰਜੀ ਲਗਾ ਕੇ ਤਕਨਾਲੋਜੀ ਅਤੇ ਸਰਵਸ੍ਰੇਸ਼ਟ ਪ੍ਰਬੰਧਨ ਪੱਧਤੀਆਂ ਦੇ ਮਾਧਿਅਮ ਨਾਲ ਕੀਤਾ ਜਾਵੇਗਾ| ਇਹ ਆਰਥਿਕ ਵਿਕਾਸ ਜਾਂ ਨਵੀਆਂ ਨੌਕਰੀਆਂ ਵਿੱਚ ਯੋਗਦਾਨ ਕਰੇਗਾ|

(3) ਵਿਨਿਵੇਸ਼ ਪ੍ਰਾਪਤੀਆਂ ਨਾਲ ਸਮਾਜਿਕ ਖੇਤਰ ਅਤੇ ਸਰਕਾਰ ਦੇ ਵਿਭਿੰਨ ਵਿਕਾਸਾਤਮਕ ਕਾਰਜਾਂ ਨੂੰ ਫੰਡ ਜਾਰੀ ਕੀਤਾ ਜਾਵੇਗਾ|

**ਨੀਤੀ ਦੀਆਂ ਵਿਸ਼ੇਸ਼ਤਾਵਾਂ**

(1) ਨੀਤੀ ਮੌਜੂਦਾ ਸਰਕਾਰੀ ਕੰਪਨੀਆਂ, ਸਰਵਜਨਿਕ ਖੇਤਰ ਦੇ ਬੈਂਕਾਂ ਅਤੇ ਸਰਵਜਨਿਕ ਖੇਤਰ ਦੀਆਂ ਬੀਮਾ ਕੰਪਨੀਆਂ ਨੂੰ ਕਵਰ ਕਰਦੀ ਹੈ|

(2) ਵਿਭਿੰਨ ਖੇਤਰਾਂ ਨੂੰ ਸਟ੍ਰੇਟੀਜਿਕ ਅਤੇ ਨਾਨ ਸਟ੍ਰੇਟੀਜਿਕ ਖੇਤਰਾਂ ਦੇ ਰੂਪ ਵਿੱਚ ਵਰਗੀਕ੍ਰਿਤ ਕੀਤਾ ਜਾਵੇਗਾ|

(3) ਵਰਗੀਕ੍ਰਿਤ ਸਟ੍ਰੇਟੀਜਿਕ ਖੇਤਰ ਹੇਠ ਲਿਖੇ ਹਨ:

(i) ਪਰਮਾਣੂ, ਊਰਜਾ, ਪੁਲਾੜ ਅਤੇ ਰੱਖਿਆ

(ii) ਟ੍ਰਾਂਸਪੋਰਟ ਅਤੇ ਦੂਰਸੰਚਾਰ

(iii) ਬਿਜਲੀ, ਪੈਟਰੋਲੀਅਮ, ਕੋਲਾ ਅਤੇ ਹੋਰ ਖਣਿਜ ਪਦਾਰਥ

(iv) ਬੈਂਕਿੰਗ, ਬੀਮਾ ਅਤੇ ਵਿੱਤੀ ਸੇਵਾਵਾਂ

(4) ਸਟ੍ਰੇਟੀਜਿਕ ਖੇਤਰਾਂ ਵਿੱਚ ਜਨਤਕ ਖੇਤਰ ਦੀਆਂ ਕੰਪਨੀਆਂ ਦੀ ਘੱਟੋ-ਘੱਟ ਮੌਜੂਦਗੀ ਹੋਵੇਗੀ|ਸਟ੍ਰੇਟੀਜਿਕ ਖੇਤਰਾਂ ਵਿੱਚ ਬਾਕੀ ਬਚੀਆਂ ਸਰਕਾਰੀ ਕੰਪਨੀਆਂ ਦਾ ਨਿੱਜੀਕਰਨ ਜਾਂ ਮਰਜਰ ਕਰ ਦਿੱਤਾ ਜਾਵੇਗਾ ਜਾਂ ਉਨ੍ਹਾਂ ਨੂੰ ਹੋਰ ਸਰਕਾਰੀ ਕੰਪਨੀਆਂ ਦੀਆਂ ਅਨੁਸ਼ੰਗੀ ਕੰਪਨੀਆਂ ਬਣਾ ਦਿੱਤਾ ਜਾਵੇਗਾ ਜਾਂ ਬੰਦ ਕਰ ਦਿੱਤਾ ਜਾਵੇਗਾ|

(5) ਨਾਨ-ਸਟ੍ਰੇਟੀਜਿਕ ਖੇਤਰਾਂ ਵਿੱਚ, ਕੇਂਦਰੀ ਸਰਕਾਰੀ ਕੰਪਨੀਆਂ ਦਾ ਨਿੱਜੀਕਰਣ ਕੀਤਾ ਜਾਵੇਗਾ, ਨਹੀਂ ਤਾਂ ਬੰਦ ਕਰ ਦਿੱਤਾ ਜਾਵੇਗਾ|

**(6) ਅਨੈਕਸਰ (ਅਨੁਬੰਧ) - iv**

**ਖੇਤੀਬਾੜੀ ਜਿਨਸਾਂ ਦੀ ਐੱਮਐੱਸਪੀ ਖ਼ਰੀਦ**

| ਸਾਲ | ਕਣਕ | | ਝੋਨਾ | | ਕਪਾਹ | | ਪਟਸਨ | | ਦਾਲਾਂ | ਤੇਲ ਬੀਜ ਅਤੇ ਖੋਪਾ |
|---|---|---|---|---|---|---|---|---|---|---|
| | ਐੱਮਐੱਸਪੀ ਮੁੱਲ (ਕਰੋੜ ਰੁਪਏ) | ਲਾਭਪਾਤਰੀ ਕਿਸਾਨਾਂ ਦੀ ਸੰਖਿਆ (ਲੱਖਾਂ ਵਿੱਚ) | ਐੱਮਐੱਸਪੀ ਮੁੱਲ (ਕਰੋੜ ਰੁਪਏ) | ਲਾਭਪਾਤਰੀ ਕਿਸਾਨਾਂ ਦੀ ਸੰਖਿਆ (ਲੱਖਾਂ ਵਿੱਚ) | ਐੱਮਐੱਸਪੀ ਮੁੱਲ (ਕਰੋੜ ਰੁਪਏ) | ਲਾਭਪਾਤਰੀ ਕਿਸਾਨਾਂ ਦੀ ਸੰਖਿਆ (ਲੱਖਾਂ ਵਿੱਚ) | ਐੱਮਐੱਸਪੀ ਮੁੱਲ (ਕਰੋੜ ਰੁਪਏ) | ਲਾਭਪਾਤਰੀ ਕਿਸਾਨਾਂ ਦੀ ਸੰਖਿਆ (ਲੱਖਾਂ ਵਿੱਚ) | ਐੱਮਐੱਸਪੀ ਮੁੱਲ (ਕਰੋੜ ਰੁਪਏ | ਐੱਮਐੱਸਪੀ ਮੁੱਲ (ਕਰੋੜ ਰੁਪਏ |
| 2010-11 | 24764.3 | NA | 52573.04 | NA | - | - | - | - | 1.75 | 149.03 |
| 2011-12 | 33152 | NA | 58084.48 | NA | 14 | 0.02 | 47.7 | 0.46 | 0.005 | 1.52 |
| 2012-13 | 49020.18 | NA | 65039.28 | NA | 4797 | 7.3 | 140.19 | 1.15 | 407.22 | 394.06 |

| | | | | | | | | | | |
|---|---|---|---|---|---|---|---|---|---|---|
| 2013-14 | 33874.20 | NA | 63927.65 | NA | 90 | 0.14 | 53.98. | 0.5 | 235.86 | 1626.39 |
| 2014-15 | 39232.20 | NA | 66948.00 | NA | 18506 | 29.5 | 6.56 | 0.06 | 1128.93 | 45.52 |
| 2015-16 | 40727.60 | NA | 73981.90 | 73.08 | 1825 | 1.91 | - | - | - | 15.90 |
| 2016-17 | 35015.53 | 20.47 | 85802.73 | 76.85 | - | - | 28.79 | 0.17 | 1039.39. | 946.71 |
| 2017-18 | 50089.00 | 31.87 | 90397.86 | 72.31 | 898 | 0.88 | 172.16 | 1.22 | 8566.13 | 5072.73 |
| 2018-19 | 6204.33 | 38.77 | 116839.47 | 96.94 | 2976 | 2.38 | 66.79 | 0.26 | 20145.60 | 7091.11 |
| 2019-20 | 62802.88 | 35.57 | 141928.08 | 124.59 | 28500 | 21.5 | 56.24 | 0.55 | 8284.45 | 8305.06 |
| 2020-21 | 75059.60 | 43.36 | 172752** | 154** | 25974* | 18.26* | 2.99 | 0.01 | 10530.20 | 3647.11 |
| * 27.01.21 ਤੱਕ; **ਅਨੁਮਾਨਤ ਮੁੱਲ | | | | | | | | | | |

*ਐੱਨਏ = ਉਪਲਬਧ ਨਹੀਂ*

**ਅਨੁਬੰਧ - v**

## ਨਵੀਂ ਸਿੱਖਿਆ ਨੀਤੀ (ਐੱਨਈਪੀ) ਦੇ ਰੂਪ ਵਿੱਚ ਸਿੱਖਿਆ ਪਹਿਲਾਂ

- ਸਾਰੇ ਸਕੂਲੀ ਅਧਿਆਪਕਾਂ ਦੇ ਲਈ ਮਾਣਕ ਤਿਆਰ ਕੀਤੇ ਜਾਣਗੇ ਜੋ ਅਧਿਆਪਕਾਂ ਦੇ ਲਈ ਰਾਸ਼ਟਰੀ ਨੈਸ਼ਨਲ ਪ੍ਰੋਫੈਸ਼ਨਲ ਸਟੈਂਡਰਡ ਫਾਰ ਟੀਚਰਜ਼ (ਐੱਨਪੀਐੱਸਟੀ) ਦੇ ਰੂਪ ਵਿੱਚ ਹੋਣਗੇ|ਇਹ ਅਧਿਆਪਕਾਂ ਦੀਆਂ ਸਮਰੱਥਾਵਾਂ ਨੂੰ ਵਧਾਉਣਗੇ ਅਤੇ ਇਸ ਦਾ ਦੇਸ਼ ਵਿੱਚ ਸਰਕਾਰੀ ਅਤੇ ਨਿਜੀ ਸਕੂਲ ਪ੍ਰਣਾਲੀ ਦੇ ਸਾਰੇ 92 ਲੱਖ ਅਧਿਆਪਕਾਂ ਦੁਆਰਾ ਪਾਲਣ ਕੀਤਾ ਜਾਵੇਗਾ|
- ਖਿਡੌਣੇ ਮਨੋਰੰਜਨ ਅਤੇ ਸਿੱਖਣ ਦੋਵਾਂ ਦਾ ਸਾਧਨ ਹਨ|ਸਕੂਲੀ ਸਿੱਖਿਆ ਦੇ ਸਾਰੇ ਪੱਧਰਾਂ ਦੇ ਲਈ ਇੱਕ ਅਨੋਖੇ ਸਵਦੇਸ਼ੀ ਖਿਡੌਣਾ ਆਧਾਰਤ ਸਿੱਖਿਆ ਪ੍ਰਣਾਲੀ ਤਿਆਰ ਕੀਤੀ ਜਾਵੇਗੀ| ਇਹ ਕਲਾਸਰੂਮ ਦੀ ਨੀਰਸ ਅਤੇ ਰੱਟੀ ਰਟਾਈ ਪੜ੍ਹਾਈ ਨੂੰ ਰੋਚਕ ਅਤੇ ਆਨੰਦਪੂਰਵਕ ਅਨੁਭਵ ਵਿੱਚ ਰੂਪਾਂਤਰਿਤ ਕਰ ਦੇਵੇਗੀ|
- ਡਿਜੀਟਲ ਫਸਟ ਮਾਈਂਡ ਸੈੱਟ ਦੇ ਸੰਦਰਭ ਦੇ ਅੰਦਰ ਇੱਕ ਰਾਸ਼ਟਰੀ ਡਿਜੀਟਲ ਐਜੂਕੇਸ਼ਨ ਆਰਕੀਟੈਕਚਰ ਸਥਾਪਤ ਕੀਤਾ ਜਾਵੇਗਾ ਜਿਸ ਵਿੱਚ ਡਿਜੀਟਲ ਆਰਕੀਟੈਕਚਰ ਨਾ ਸਿਰਫ਼ ਸਿਖਾਉਣ ਅਤੇ ਸਿੱਖਣ ਗਤੀਵਿਧੀਆਂ ਦਾ ਬਲਕਿ ਕੇਂਦਰ ਅਤੇ ਰਾਜ/ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਸਿੱਖਿਆ ਯੋਜਨਾਵਾਂ, ਗਵਰਨੈਂਸ ਅਤੇ ਪ੍ਰਸ਼ਾਸਨਿਕ ਗਤੀਵਿਧੀਆਂ ਦਾ ਸਮਰਥਨ ਕਰੇਗਾ|ਇਹ ਡਿਜੀਟਲ ਆਰਕੀਟੈਕਚਰ ਦੇ ਵਿਕਾਸ ਦੇ ਲਈ ਵੱਖਰੀ ਸਿੱਖਿਆ ਈਕੋ ਸਿਸਟਮ ਸੰਰਚਨਾ ਉਪਲਬਧ ਕਰਵਾਏਗਾ| ਇਹ ਇੱਕ ਫੈਡਰੇਟਡ ਪਰ ਅੰਤਰ ਪ੍ਰਚਾਲਨ ਪ੍ਰਣਾਲੀ ਹੋਵੇਗੀ ਜੋ ਸਾਰੇ ਹਿੱਤਧਾਰਕਾਂ, ਖ਼ਾਸ ਕਰਕੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਖ਼ੁਦਮੁਖ਼ਤਾਰੀ ਸੁਨਿਸ਼ਚਿਤ ਕਰੇਗੀ|
- ਬਧਿਰ ਬੱਚਿਆਂ ਦੇ ਲਈ ਸਰਕਾਰ ਦੇਸ਼ ਭਰ ਵਿੱਚ ਭਾਰਤੀ ਸੰਕੇਤ ਭਾਸ਼ਾ ਦੇ ਮਾਨਕੀਕਰਣ ’ਤੇ ਕੰਮ ਕਰੇਗੀ, ਅਤੇ ਉਨ੍ਹਾਂ ਦੁਆਰਾ ਵਰਤੋਂ ਕੀਤੇ ਜਾਣ ਦੇ ਲਈ ਰਾਸ਼ਟਰੀ ਅਤੇ ਰਾਜ ਪੱਧਰੀ ਕਰੀਕੁਲਮ ਸਮੱਗਰੀ ਤਿਆਰ ਕਰੇਗੀ|
- ਵੱਡੀ ਸੰਖਿਆ ਵਿੱਚ ਸੀਨੀਅਰ ਅਤੇ ਸੇਵਾ ਮੁਕਤ ਅਧਿਆਪਕ ਹਨ| ਉਨ੍ਹਾਂ ਦੇ ਪ੍ਰਯੋਗ ਵਿਸ਼ਿਆਂ, ਥੀਮ ਅਤੇ ਅਧਿਐਨ ’ਤੇ ਲਗਾਤਾਰ ਆਨਲਾਈਨ/ ਆਫ਼ਲਾਈਨ ਸਹਿਯੋਗ ਦੇ ਮਾਧਿਅਮ ਨਾਲ ਸਕੂਲੀ ਅਧਿਆਪਕਾਂ ਅਤੇ ਗਿਆਨ ਦੇਣ ਵਾਲਿਆਂ ਦੀਆਂ ਵਿਅਕਤੀਗਤ ਮੇਂਟਰਿੰਗ ਦੇ ਲਈ ਵਰਤੋਂ ਕੀਤਾ ਜਾਵੇਗਾ|
- ਹੁਣ ਤੱਕ ਵਿਦਿਆਰਥੀਆਂ ਦਾ ਇੱਕ ਆਯਾਮੀ ਪੈਰਾਮੀਟਰਾਂ ’ਤੇ ਮੁਲਾਂਕਣ ਕੀਤਾ ਗਿਆ ਹੈ| ਹੁਣ ਪੂਰੀ ਤਰ੍ਹਾਂ ਬਦਲਾਅ ਹੋਵੇਗਾ ਜਿਸ ਵਿੱਚ ਆਂਕਲਣਾ ਦੀ ਵਰਤੋਂ ਨਾ ਸਿਰਫ ਅਧਿਆਪਕਾਂ ਦੇ ਕਾਗਨਿਟਿਵ ਪੱਧਰਾਂ ਨੂੰ ਆਂਕਣ ਦੇ ਲਈ ਬਲਕਿ ਉਸਦਾ ਬੱਚੇ ਦੀਆਂ ਅਦਭੁੱਤ ਖ਼ੂਬੀਆਂ ਅਤੇ ਸੰਭਾਵਨਾਵਾਂ ਦੀ ਪਹਿਚਾਣ ਕਰਨ ਦੇ ਇੱਕ ਮੌਕੇ ਦੇ ਰੂਪ ਵਿੱਚ ਵਰਤੋਂ ਕਰਨ ਦੇ ਲਈ ਕੀਤਾ ਜਾਵੇਗਾ|ਇਸ ਆਸ਼ਾ ਨਾਲ, ਇੱਕ ਸਰਵ ਸਮਾਵੇਸ਼ੀ ਪ੍ਰਗਤੀ ਕਾਰਡ ਦੀ ਕਲਪਨਾ ਕੀਤੀ ਗਈ ਹੈ ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਖ਼ੂਬੀਆਂ, ਰੁਚੀਆਂ ਦੇ ਖੇਤਰਾਂ, ਧਿਆਨ ਦਿੱਤੇ ਜਾਣ ਲਈ ਜ਼ਰੂਰੀ ਖੇਤਰਾਂ ’ਤੇ ਮੁੱਲਵਾਨ ਸੂਚਨਾ ਉਪਲਬਧ ਕਰਾਏਗਾ ਅਤੇ ਇਸ ਤਰ੍ਹਾਂ,ਉੱਚ ਕੈਰੀਅਰ ਵਿਕਲਪ ਬਣਾਉਣ ਵਿੱਚ ਉਨ੍ਹਾਂ ਦੀ ਸਹਾਇਤਾ ਕਰੇਗਾ|
- ਸੰਸਾਧਨਾਂ ਦੀ ਪਹੁੰਚ ਵਧਾਏ ਜਾਣ ਵਿੱਚ ਸਮਰੱਥ ਹੋਣ ਦੇ ਲਈ ਬਾਲਗ ਸਿੱਖਿਆ ਦੇ ਸੰਪੂਰਣ ਖੇਤਰ ਨੂੰ ਕਵਰ ਕਰਨ ਵਾਲੇ ਆਨਲਾਈਨ ਮਾਡਿਊਲਾਂ ਦੀ ਸ਼ੁਰੂਆਤ ਕੀਤੀ ਜਾਵੇਗੀ|
- ਕੋਵਿਡ-19 ਮਹਾਮਾਰੀ ਦੇ ਬਾਵਜੂਦ ਅਸੀਂ ਸਿੱਖਿਆ ਦੇ ਸੰਪੂਰਨ ਖੇਤਰ ਨੂੰ ਕਵਰ ਕਰਦੇ ਹੋਏ ਪ੍ਰਾਥਮਿਕ ਸਕੂਲਾਂ ਦੇ 30 ਲੱਖ ਤੋਂ ਵੱਧ ਅਧਿਆਪਕਾਂ ਨੂੰ ਸਿਖਲਾਈ ਦਿੱਤੀ ਹੈ|ਇਸ ਨੂੰ ਅੱਗੇ ਲਿਜਾਂਦੇ ਹੋਏ 2021-22 ਵਿੱਚ ਅਸੀਂ ਸਮੁੱਚੀ

ਪ੍ਰਗਤੀ ਦੇ ਲਈ ਸਕੂਲ ਮੁਖੀਆਂ ਅਤੇ ਅਧਿਆਪਕਾਂ ਦੇ ਲਈ ਰਾਸ਼ਟਰੀ ਪਹਿਲ (ਨਿਸ਼ਠਾ) ਦੇ ਮਾਧਿਅਮ ਨਾਲ 56 ਲੱਖ ਸਕੂਲ ਅਧਿਆਪਕਾਂ ਨੂੰ ਸਿਖਲਾਈ ਸੰਭਵ ਕਰਾਂਗੇ|

- ਪਿਛਲੇ ਕੁਝ ਸਾਲਾਂ ਵਿੱਚ ਸਾਡੇ ਪ੍ਰਧਾਨ ਮੰਤਰੀ ਵਿਦਿਆਰਥੀਆਂ ਦੇ ਨਾਲ, ਉਨ੍ਹਾਂ ਦੀਆਂ ਬੋਰਡ ਪ੍ਰੀਖਿਆਵਾਂ ਤੋਂ ਪਹਿਲਾਂ, ਜੁੜਦੇ ਰਹੇ ਹਨ ਤਾਂ ਕਿ ਚਿੰਤਾ ਅਤੇ ਤਣਾਅ ’ਤੇ ਜਿੱਤ ਪਾਉਣ ਵਿੱਚ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ|ਇਸ ਦਿਸ਼ਾ ਵਿੱਚ, ਅਸੀਂ ਸੀਬੀਐੱਸਈ ਬੋਰਡ ਪ੍ਰੀਖਿਆ ਸੁਧਾਰ ਪੜਾਅਵਾਰ ਤਰੀਕੇ ਨਾਲ ਸ਼ੁਰੂ ਕਰਾਂਗੇ| ਇਹ 2022-23 ਤੋਂ ਪ੍ਰਭਾਵੀ ਹੋਵੇਗਾ| ਪ੍ਰੀਖਿਆਵਾਂ ਨੂੰ ਰਟੇ ਰਟਾਏ ਤਰੀਕੇ ਤੋਂ ਦੂਰ ਕੀਤਾ ਜਾਵੇਗਾ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸੰਕਲਪ ਆਧਾਰਤ ਕਲੈਰਿਟੀ, ਵਿਸ਼ਲੇਸ਼ਣਾਤਮਕ ਕੌਸ਼ਲ ਅਤੇ ਗਿਆਨ ਨੂੰ ਵਾਸਤਵਿਕ ਜ਼ਿੰਦਗੀ ਦੀਆਂ ਸਥਿਤੀਆਂ ’ਤੇ ਲਾਗੂ ਕਰਨ ਦੇ ਨਜ਼ਰੀਏ ਨਾਲ ਪਰਖਿਆ ਜਾਵੇਗਾ|
- ਵਿਦੇਸ਼ੀ ਉੱਚ ਸਿੱਖਿਆ ਅਦਾਰਿਆਂ ਦੇ ਨਾਲ ਅਕਾਦਮਿਕ ਸਹਿਯੋਗ ਨੂੰ ਵਧਾਉਣ ਦੇ ਲਈ ਦੋਹਰੀ ਡਿਗਰੀਆਂ, ਸੰਯੁਕਤ ਡਿਗਰੀਆਂ, ਦੂਹਰੇ ਪ੍ਰਬੰਧਨ ਅਤੇ ਹੋਰ ਵਿਧੀਆਂ ਦੀ ਮਨਜ਼ੂਰੀ ਦੇਣ ਦੇ ਲਈ ਇੱਕ ਨਿਯੰਤਰਣ ਵਿਧੀ ਸਥਾਪਤ ਕਰਨ ਦਾ ਪ੍ਰਸਤਾਵ ਹੈ|

**ਅਨੁਬੰਧ - VI**

**ਅਤਿਰਿਕਤ ਬਜਟ ਸਰੋਤਾਂ (ਈਬੀਆਰ) (ਸਰਕਾਰ ਦੁਆਰਾ ਪੂਰੀ ਤਰ੍ਹਾਂ ਨਿਯੰਤਰਣ ਬਾਂਡ, ਐੱਨਐੱਸਐੱਸਐੱਫ਼ ਕਰਜ਼ੇ ਅਤੇ ਹੋਰ ਸਰੋਤ)**

*(ਕਰੋੜ ਰੁਪਏ ਵਿੱਚ)*

**ਭਾਗ-ਏ - ਸਰਕਾਰ ਦੁਆਰਾ ਪੂਰੀ ਤਰ੍ਹਾਂ ਨਿਯੰਤ੍ਰਿਤ ਬਾਂਡਸ ਜਾਰੀ ਕਰਨ ਦੇ ਮਾਧਿਅਮ ਰਾਹੀਂ ਜੁਟਾਏ ਗਏ ਅਤਿਰਿਕਤ ਬਜਟ ਸਰੋਤ**

| ਮੰਗ ਸੰਖਿਆ | ਮੰਤਰਾਲੇ / ਵਿਭਾਗ ਦਾ ਨਾਮ ਅਤੇ ਯੋਜਨਾ ਦਾ ਨਾਮ | 2016-17 | 2017-18 | 2018-19 | 2019-20 | 2020-21 | 2020-21 | 2021-22 |
|---|---|---|---|---|---|---|---|---|
| | | ਅਸਲ | ਅਸਲ | ਅਸਲ | ਅਸਲ | ਬੀਈ | ਆਰਈ | ਬੀਈ |
| 24 | **ਉੱਚ ਸਿੱਖਿਆ ਵਿਭਾਗ** | | | | | | | |
| | ਸਿੱਖਿਆ ਵਿੱਚ ਬੁਨਿਆਦੀ ਢਾਂਚੇ ਅਤੇ ਪ੍ਰਣਾਲੀਆਂ ਨੂੰ ਪੁਨਰ ਸਥਾਪਤ ਕਰਨਾ | --- | --- | --- | --- | 3000.00 | --- | |
| 44 | **ਸਿਹਤ ਅਤੇ ਪਰਿਵਾਰ ਭਲਾਈ ਵਿਭਾਗ** | | | | | | | |
| | ਪ੍ਰਧਾਨਮੰਤਰੀ ਸਵਾਸਥ ਸ਼ੁਰਕਸ਼ਾ ਯੋਜਨਾ | --- | --- | --- | --- | 3000.00 | --- | |
| 59 | **ਹਾਉਸਿੰਗ ਅਤੇ ਸ਼ਹਿਰੀ** | | | | | | | |

| | | | | | | | | |
|---|---|---|---|---|---|---|---|---|
| | **ਮਾਮਲੇ ਮੰਤਰਾਲਾ** | | | | | | | |
| | ਪ੍ਰਧਾਨਮੰਤਰੀ ਅਵਾਸ ਯੋਜਨਾ –ਸ਼ਹਿਰੀ | --- | --- | 20000.00 | --- | 10000.00 | --- | |
| 61 | **ਜਲ ਸਰੋਤ, ਨਦੀ ਵਿਕਾਸ ਅਤੇ ਗੰਗਾ ਪੁਨਰ ਉਥਾਨ ਵਿਭਾਗ** | | | | | | | |
